SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest

सत्यमेव जयते

# ਲੇਖਿਆਂ ਦੀ ਇੱਕ ਝਲਕ

## ਸਾਲ
## 2024-25

ਪੰਜਾਬ ਸਰਕਾਰ



# ਲੇਖਿਆਂ ਦੀ ਇੱਕ ਝਲਕ

## ਸਾਲ 2024-25

## ਮਹਾਲੇਖਾਕਾਰ
## (ਲੇਖਾ ਅਤੇ ਹੱਕਦਾਰੀ)
## ਪੰਜਾਬ

ਪੰਜਾਬ ਸਰਕਾਰ

# ਪ੍ਰਸਤਾਵਨਾ

ਮੈਨੂੰ ਪੰਜਾਬ ਸਰਕਾਰ ਦੇ ਲੇਖਿਆਂ ਦੀ ਇੱਕ ਝਲਕ ਦੇ ਸਲਾਨਾ ਪ੍ਰਕਾਸ਼ਨ ਦਾ ਸਤਾਇਸਵਾਂ ਅੰਕ ਪੇਸ਼ ਕਰਨ ਦੀ ਪ੍ਰਸੰਨਤਾ ਹੋ ਰਹੀ ਹੈ। ਇਸ ਪ੍ਰਕਾਸ਼ਨ ਦਾ ਮਨੋਰਥ ਮੇਰੇ ਦਫਤਰ ਵਲੋਂ ਭਾਰਤ ਦੇ ਸੰਵਿਧਾਨ ਦੀ ਧਾਰਾ 149, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ (ਡੀ ਪੀ ਸੀ) ਅਧਿਨਿਯਮ, 1971 ਦੀ ਧਾਰਾ 11 ਦੇ ਮੁਤਾਬਿਕ ਤਿਆਰ ਕੀਤੇ ਗਏ ਵਿੱਤੀ ਲੇਖਿਆਂ ਅਤੇ ਨਮਿੱਤਣ ਲੇਖਿਆਂ ਵਿੱਚ ਉਪਲਬੱਧ ਵਿਸਤ੍ਰਿਤ ਜਾਣਕਾਰੀ ਦਾ ਇੱਕ ਪਾਠਕ ਹਿਤੈਸ਼ੀ ਸਾਰ ਪੇਸ਼ ਕਰਨਾ ਹੈ।

ਰਾਜ ਦੇ ਸਲਾਨਾ ਲੇਖੇ (1) ਵਿੱਤ ਲੇਖੇ ਅਤੇ (2) ਨਮਿੱਤਣ ਲੇਖੇ ਵਿੱਚ ਵੰਡੇ ਹੁੰਦੇ ਹਨ। ਵਿੱਤ ਲੇਖੇ ਸਮੇਕਿਤ ਨਿਧੀ, ਅਚੇਤ ਨਿਧੀ ਅਤੇ ਸਾਰਵਜਨਿਕ ਲੇਖਿਆਂ ਦਾ ਸਾਰ ਹੈ। ਨਮਿੱਤਣ ਲੇਖੇ ਵਿੱਚ ਰਾਜ ਵਿਧਾਨ ਸਭਾ ਦੁਆਰਾ ਅਨੁਦਾਨ ਦੇ ਲਿਹਾਜ਼ ਵਲੋਂ ਪ੍ਰਸਤਾਵਿਤ ਖਰਚ ਦਰਜ਼ ਹੁੰਦਾ ਹੈ ਅਤੇ ਅਸਲ ਖਰਚ ਅਤੇ ਪ੍ਰਦਾਨ ਕੀਤੀ ਗਈ ਧਨਰਾਸ਼ੀ ਵਿੱਚ ਬਦਲਾਵ ਦਾ ਸਪਸ਼ਟੀਕਰਨ ਹੁੰਦਾ ਹੈ।

'ਲੇਖਿਆਂ ਦੀ ਇੱਕ ਝਲਕ' ਸਰਕਾਰੀ ਗਤੀਵਿਧੀਆਂ ਦਾ ਵਿਆਪਕ ਸੰਕੇਪ ਪੇਸ਼ ਕਰਦਾ ਹੈ ਜਿਵੇ ਕਿ ਵਿੱਤ ਲੇਖੇ ਅਤੇ ਨਮਿੱਤਣ ਲੇਖੇ ਵਿੱਚ ਦਰਸ਼ਾਇਆ ਹੁੰਦਾ ਹੈ। ਇਹ ਜਾਣਕਾਰੀ ਸੰਖੇਪ ਵਿਆਖਿਆਵਾਂ, ਵੇਰਵਾ ਪੱਤਰਾਂ, ਗ੍ਰਾਫ ਅਤੇ ਸਮਾਂ ਸੂਚੀ ਵਿਸ਼ਲੇਸ਼ਣ ਦੁਆਰਾ ਪੇਸ਼ ਕੀਤੀ ਜਾਂਦੀ ਹੈ ਜੋ ਕਿ ਹਿਤਧਾਰਕਾਂ–ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਲੇਖਿਆਂ ਦੀ ਜਾਣਕਾਰੀ ਦਿੰਦੀ ਹੈ। ਸਾਲ 2024-25 ਦੇ ਵਿੱਤ ਲੇਖੇ, ਨਮਿੱਤਣ ਲੇਖੇ, ਲੇਖਾ ਨਿਰੀਖਕ ਅਤੇ ਮਹਾਲੇਖਾਪਰੀਖਕ ਦੀ ਰਾਜ ਲੇਖਿਆਂ ਤੇ ਰਿਪੋਰਟ ਅਤੇ ਲੇਖਿਆਂ ਦੀ ਇੱਕ ਝਲਕ ਨੂੰ ਪੜਨ ਤੇ ਹਿਤਧਾਰਕਾਂ ਨੂੰ ਰਾਜ ਵਿੱਤ ਦੇ ਵੱਖਰੇ ਪਹਿਲੂਆਂ ਨੂੰ ਜ਼ਿਆਦਾ ਪਰਭਾਵੀ ਢੰਗ ਨਾਲ ਸਮਝਣ ਲਈ ਮਦਦ ਕਰਨਗੇ।

ਅਸੀਂ ਇਸ ਪ੍ਰਕਾਸ਼ਨ ਵਿੱਚ ਸੁਧਾਰ ਲਿਆਉਣ ਵਿੱਚ ਮਦਦ ਕਰਨ ਵਾਲੇ ਪਾਠਕਾਂ ਦੀ ਰਾਏ ਦੀ ਕਦਰ ਕਰਦੇ ਹਾਂ।

**ਮਿਤੀ : 28 ਅਕਤੂਬਰ 2025**
**ਚੰਡੀਗੜ੍ਹ**

**ਮਹਾਲੇਖਾਕਾਰ (ਲੇਖਾ ਅਤੇ ਹੱਕਦਾਰੀ)**
**ਪੰਜਾਬ**

# ਸਾਡੀ ਦੂਰ ਦ੍ਰਿਸ਼ਟੀ, ਉਦੇਸ਼ ਅਤੇ ਬੁਨਿਆਦੀ ਮੁੱਲ

## ਦੂਰ ਦ੍ਰਿਸ਼ਟੀ

*ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂਲੇਖਾਪਰੀਖਕ ਦੀ ਸੰਸਥਾ ਦੀ ਦੂਰ-ਦ੍ਰਿਸ਼ਟੀ ਉਸ ਮਨੋਰਥ ਦਾ ਪ੍ਰਗਟਾਵਾ ਕਰਦੀ ਹੈ ਜੋ ਅਸੀਂ ਬਣਨ ਦੀ ਅਕਾਂਕਸ਼ਾਂ ਰੱਖਦੇ ਹਾਂ।*

ਅਸੀਂ ਵਿਸ਼ਵ ਵਿਆਪੀ ਆਗੂ ਅਤੇ ਸਰਕਾਰੀ ਖੇਤਰ ਦੀ ਲੇਖਾ ਪ੍ਰੀਖਿਆ ਅਤੇ ਲੇਖੇ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਉੱਤਮ ਪੱਧਤੀ ਦੇ ਮੋਢੀ ਬਣਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਸਾਡੀ ਪਛਾਣ ਸੁਤੰਤਰ, ਪ੍ਰਮਾਣਕ, ਸੰਤੁਲਿਤ, ਲੋਕ ਵਿੱਤ ਅਤੇ ਸ਼ਾਸ਼ਨ ਤੇ ਸਮੇਂ ਨਾਲ ਰਿਪੋਰਟ ਕਰਨ ਵਜੋਂ ਬਣ ਚੁੱਕੀ ਹੈ।

## ਉਦੇਸ਼

*ਸਾਡਾ ਉਦੇਸ਼ ਸਾਡੀ ਅਜ ਦੀ ਭੂਮਿਕਾ ਨੂੰ ਸਪੱਸ਼ਟ ਕਰਦਾ ਹੈ ਅਤੇ ਪ੍ਰਗਟਾਉਂਦਾ ਹੈ ਕਿ ਅੱਜ ਅਸੀਂ ਕੀ ਕਰ ਰਹੇ ਹਾਂ।*

ਭਾਰਤ ਦੇ ਸੰਵਿਧਾਨ ਵਲੋਂ ਸਪੁਰਦ ਆਦੇਸ਼ ਦੇ ਮੁਤਾਬਿਕ, ਅਸੀਂ ਉੱਚ ਗੁਣਵੱਤਾ ਦੀ ਲੇਖਾ ਪ੍ਰੀਖਿਆ ਅਤੇ ਲੇਖਿਆਂ ਰਾਹੀਂ ਜਵਾਬਦੇਈ, ਪਾਰਦਰਸ਼ਤਾ ਅਤੇ ਸੁਚਾਰੂ ਸਾਸ਼ਨ ਨੂੰ ਵਧਾਵਾ ਦਿੰਦੇ ਹਾਂ ਅਤੇ ਆਪਣੇ ਹਿਤਧਾਰਕਾਂ- ਵਿਧਾਇਕਾਂ, ਕਾਰਿਆਪਾਲਿਕਾ ਅਤੇ ਜਨਤਾ ਨੂੰ ਸੰਤਤਰ ਭਰੋਸਾ ਪ੍ਰਦਾਨ ਕਰਦੇ ਹਾਂ ਕਿ ਸਰਕਾਰੀ ਫੰਡਾਂ ਦੀ ਵਰਤੋਂ ਕੁੱਸ਼ਲਤਾ ਅਤੇ ਤਜ਼ਵੀਜ਼ਤ ਮਨੋਰਥਾਂ ਲਈ ਹੀ ਕੀਤੀ ਜਾ ਰਹੀ ਹੈ।

## ਬੁਨਿਆਦੀ ਮੁੱਲ

*ਸਾਡੇ ਬੁਨਿਆਦੀ ਮੁੱਲ ਸਾਡੇ ਸਾਰੇ ਕੰਮਾਂ ਲਈ ਮਾਰਗਦਰਸ਼ਕ ਹਨ ਅਤੇ ਸਾਡੇ ਨਿਸ਼ਪਾਦਨ ਦਾ ਆਕਲਨ ਕਰਨ ਲਈ ਮਾਣਕ ਦਿੰਦੇ ਹਨ।*

- ਸੁਤੰਤਰਤਾ
- ਵਾਸਤਵਿਕਤਾ
- ਇਮਾਨਦਾਰੀ
- ਭਰੋਸੇਯੋਗਤਾ
- ਪੇਸ਼ੇਵਰ ਸ੍ਰੇਸ਼ਟਤਾ
- ਪਾਰਦਰਸ਼ਤਾ
- ਸਕਾਰਾਤਮਕ ਦ੍ਰਿਸ਼ਟੀਕੋਣ

# ਵਿਸ਼ਾ ਸੂਚੀ


| | | ਪੰਨਾ ਨੰ : |
|---|---|---|
| ਅਧਿਆਇ I | **ਉਵਰਵਿਊ** | |
| 1.1 | ਭੂਮਿਕਾ | 1 |
| 1.2 | ਸਰਕਾਰੀ ਲੇਖਿਆਂ ਦਾ ਢਾਂਚਾ | 2 |
| 1.3 | ਵਿਤ ਲੇਖੇ ਅਤੇ ਨਮਿਤਣ ਲੇਖੇ | 4 |
| 1.4 | ਫੰਡਾਂ ਦੇ ਸਰੋਤ ਅਤੇ ਵਰਤੋਂ | 6 |
| 1.5 | ਘਾਟਾ ਅਤੇ ਵਾਧਾ | 9 |
| ਅਧਿਆਇ II | **ਪ੍ਰਾਪਤੀਆਂ** | |
| 2.1 | ਭੂਮਿਕਾ | 12 |
| 2.2 | ਮਾਲੀਆਂ ਪ੍ਰਾਪਤੀਆਂ | 12 |
| 2.3 | ਕਰ ਆਮਦਨ | 14 |
| 2.4 | ਕਰ ਵਸੂਲੀ ਦੀ ਕਾਰਜਕੁਸ਼ਲਤਾ | 16 |
| 2.5 | ਕੇਂਦਰੀ ਕਰਾਂ/ਡਿਉਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਣ | 16 |
| 2.6 | ਅਨੁਦਾਨ ਸਹਾਇਤਾ | 17 |
| 2.7 | ਸਾਰਵਜਨਿਕ ਕਰਜੇ | 18 |
| ਅਧਿਆਇ III | **ਖਰਚੇ** | |
| 3.1 | ਭੂਮਿਕਾ | 20 |
| 3.2 | ਮਾਲੀਆ ਖਰਚੇ | 20 |
| 3.3 | ਪੂੰਜੀਗਤ ਖਰਚੇ | 22 |
| 3.4 | ਬਚਨਬੱਧ ਖਰਚੇ | 23 |
| ਅਧਿਆਇ IV | **ਨਮਿਤੱਣ ਲੇਖੇ** | |
| 4.1 | ਨਮਿਤੱਣ ਲੇਖੇ 2024-25ਦਾ ਸਾਰ | 25 |
| 4.2 | ਪਿਛਲੇ ਪੰਜ ਸਾਲਾਂ ਦੌਰਾਨ ਬੱਚਤਾਂ/ਵਧੀਕਾਂ ਦਾ ਰੁਝਾਣ | 25 |
| 4.3 | ਮਹਤੱਵਪੂਰਨ ਬੱਚਤਾਂ | 26 |

ਪੰਨਾ ਨੰ :


| | | |
|---|---|---|
| ਅਧਿਆਇ V | ਸੰਪਦਾ ਅਤੇ ਦੇਣਦਾਰੀਆਂ | |
| 5.1 | ਸੰਪਦਾ | 27 |
| 5.2 | ਕਰਜ਼ੇ ਅਤੇ ਦੇਣਦਾਰੀਆਂ | 28 |
| 5.3 | ਗਰੰਟੀਆਂ | 29 |
| ਅਧਿਆਇ VI | ਹੋਰ ਮੱਦਾਂ | |
| 6.1 | ਵਸਤੂ ਅਤੇ ਸੇਵਾ ਟੈਕਸ (GST) | 30 |
| 6.2 | ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ | 30 |
| 6.3 | ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਲਈ ਬਕਾਇਆ ਵਰਤੋਂ ਸਰਟੀਫੀਕੇਟ | 31 |
| 6.4 | ਸਮੇਕਿਤ ਕਰਜ਼ ਭੁਗਤਾਨ ਫੰਡ | 31 |
| 6.5 | ਗਰੰਟੀ ਰਿਡੰਮਪਸ਼ਨ ਫੰਡ | 31 |
| 6.6 | ਵਿਭਾਗੀ ਅਫਸਰਾਂ ਕੋਲ ਨਕਦ | 32 |
| 6.7 | ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀ ਦੇਣਾ | 32 |
| 6.8 | ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ | 32 |
| 6.9 | ਲੇਖਿਆਂ ਦਾ ਮਿਲਾਨ | 32 |
| 6.10 | ਨੈਸ਼ਨਲ ਪੈਨਸ਼ਨ ਸਿਸਟਮ (NPS) | 32 |
| 6.11 | ਰਾਜ ਮੁਆਵਜਾ ਵਣਨ ਫੰਡ | 33 |

# ਅਧਿਆਇ I

# ਓਵਰਵਿਊ

## 1.1 ਭੂਮਿਕਾ

ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦਾ ਦਫਤਰ ਵੱਖ-ਵੱਖ ਏਜੰਸੀਆਂ ਵੱਲੋਂ ਭੇਜੇ ਗਏ ਲੇਖਿਆਂ ਦੇ ਅੰਕੜਿਆਂ ਨੂੰ ਜਾਂਚਦਾ, ਸ੍ਰੇਣੀਬੱਧ ਅਤੇ ਸੰਕਲਿਤ ਕਰਦਾ ਹੈ ਅਤੇ ਪੰਜਾਬ ਸਰਕਾਰ ਦੇ ਲੇਖੇ ਤਿਆਰ ਕਰਦਾ ਹੈ। ਇਹ ਸੰਕਲਨ ਜਿਲ੍ਹਾ ਖਜਾਨਿਆਂ, ਲੋਕ ਨਿਰਮਾਣ ਮੰਡਲਾਂ ਅਤੇ ਜੰਗਲਾਤ ਮੰਡਲਾਂ, ਹੋਰ ਰਾਜਾਂ/ਲੇਖਾ ਦਫਤਰਾਂ ਵੱਲੋਂ ਭੇਜੇ ਗਏ ਸ਼ੁਰੂਆਤੀ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਕਲੀਅਰੈਂਸ ਮੀਮੋ ਦੇ ਅਧਾਰ ਤੇ ਕੀਤਾ ਜਾਂਦਾ ਹੈ। ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਪੰਜਾਬ ਦੇ ਦਫਤਰ ਵੱਲੋਂ ਹਰ ਮਹੀਨੇ ਇੱਕ ਮਾਹਵਾਰ ਸਿਵਲ ਲੇਖਾ ਪੰਜਾਬ ਸਰਕਾਰ ਨੂੰ ਭੇਜਿਆ ਜਾਂਦਾ ਹੈ। ਮਹਾਲੇਖਾਕਾਰ (ਲੇਖਾ ਅਤੇ ਹਕਦਾਰੀ) ਦਫਤਰ ਵੱਲੋਂ ਸਰਕਾਰ ਦੁਆਰਾ ਕੀਤੇ ਗਏ ਖਰਚੇ ਦੀ ਗੁਣਵੱਤਾ ਅਤੇ ਮਹੱਤਵਪੂਰਣ ਵਿੱਤੀ ਸੂਚਕਾਂ ਤੇ ਇੱਕ ਮਹੀਨਾਵਾਰ ਆਭਾ ਪ੍ਰਬੰਧਨ ਰਿਪੋਰਟ ਵੀ ਭੇਜੀ ਜਾਂਦੀ ਹੈ। ਇਸਤੋਂ ਇਲਾਵਾ ਭਾਰਤ ਦੇ ਸੰਵਿਧਾਨ ਦੀ ਧਾਰਾ 149 ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ (ਕਰਤੱਵ, ਇਖਤੀਆਰ ਅਤੇ ਸੇਵਾ ਸ਼ਰਤਾਂ) ਐਕਟ, 1971 ਦੀ ਧਾਰਾ 11 ਦੇ ਅਨੁਸਾਰ ਵਿੱਤ ਲੇਖੇ ਤੇ ਨਮਿੱਤਣ ਲੇਖੇ ਮਹਾਲੇਖਾਕਾਰ ਦੁਆਰਾ ਸਲਾਨਾ ਤਿਆਰ ਕੀਤੇ ਜਾਂਦੇ ਹਨ, ਜੋ ਕਿ ਮਹਾਲੇਖਾਕਾਰ (ਆਡਿਟ) ਪੰਜਾਬ ਵੱਲੋਂ ਆਡਿਟ ਅਤੇ ਲੇਖਾ ਨਿਰੀਖਕ ਤੇ ਮਹਾਲੇਖਾਪਰੀਖਕ ਵੱਲੋਂ ਤਸਦੀਕੀ ਕਰਨ ਉਪਰੰਤ ਰਾਜ ਵਿਧਾਨ ਸਭਾ ਵਿੱਚ ਪੇਸ਼ ਕੀਤੇ ਜਾਂਦੇ ਹਨ।

## 1.2 ਸਰਕਾਰੀ ਲੇਖਿਆਂ ਦਾ ਢਾਂਚਾ

### 1.2.1 ਸਰਕਾਰੀ ਲੇਖੇ ਦੇ ਤਿੰਨ ਹਿੱਸੇ ਹੁੰਦੇ ਹਨ:

**ਸਰਕਾਰੀ ਲੇਖਿਆਂ ਦਾ ਢਾਂਚਾ**

**ਭਾਗ 1**
**ਸਮੇਕਿਤ ਫੰਡ**

ਸਰਕਾਰ ਦੁਆਰਾ ਪ੍ਰਾਪਤ ਕਰ ਅਤੇ ਗੈਰ-ਕਰ ਆਮਦਨ, ਸਾਰਵਜਨਿਕ ਕਰਜੇ, ਦਿੱਤੇ ਗਏ ਕਰਜੇ ਦੀ ਵਾਪਸੀ (ਸਮੇਤ ਵਿਆਜ) ਸਮੇਤ ਸਾਰਾ ਮਾਲੀਆ ਸਮੇਕਿਤ ਫੰਡ ਦਾ ਹਿੱਸਾ ਹਨ।

ਸਰਕਾਰੀ ਕਰਜੇ ਅਤੇ ਪੇਸ਼ਗੀਆਂ ਦੀ ਵੰਡ, ਲਿੱਤੇ ਗਏ ਕਰਜੇ ਦੀ ਅਦਾਇਗੀ (ਸਮੇਤ ਬਿਆਜ) ਸਮੇਤ ਸਾਰੇ ਖਰਚੇ ਅਤੇ ਵੰਡਾਂ ਸਮੇਕਿਤ ਫੰਡ ਤੋਂ ਕੀਤੇ ਜਾਂਦੇ ਹਨ।

**ਭਾਗ 2**
**ਸੰਕਟਕਾਲੀਨ ਫੰਡ**

ਸੰਕਟਕਾਲੀਨ ਫੰਡ ਅਗੇਤ ਖਾਤੇ ਦੇ ਸੁਭਾਵ ਦਾ ਹੈ, ਜਿਸਨੂੰ ਵਿਧਾਨ ਸਭਾ ਦੁਆਰਾ ਲੰਬਿਤ ਪ੍ਰਵਾਨਗੀ ਤੇ ਅਣਪਛਾਤੀ ਖਰਚਾ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਫੰਡ ਵਿਚੋਂ ਕੀਤੇ ਖਰਚੇ ਦੀ ਭਰਪਾਈ ਸਮੇਕਿਤ ਫੰਡ ਵਿਚੋਂ ਕੀਤੀ ਜਾਂਦੀ ਹੈ।

ਪੰਜਾਬ ਸਰਕਾਰ ਦਾ ਇਸ ਫੰਡ ਦਾ ਕੋਰਪਸ (Corpus) 25.00 ਕਰੋੜ ਰੁਪਏ ਹੈ।

**ਭਾਗ 3**
**ਸਰਵਜਨਿਕ ਲੇਖੇ**


ਜੰਨਤਕ ਖਾਤੇ ਵਿੱਚ ਕਰਜੇ (ਭਾਗ 1 ਵਿੱਚ ਸ਼ਾਮਲ ਲੈਣ-ਦੇਣ ਨੂੰ ਛੱਡ ਕੇ), ਜਮਾਂ ਰਕਮਾਂ, ਪੇਸ਼ਗੀ ਜਮਾਂ ਕਰਵਾਈ ਰਕਮਾਂ ਅਤੇ ਉਚੰਤ ਰਕਮਾਂ ਨਾਲ ਸਬੰਧਿਤ ਲੈਣ-ਦੇਣ ਦਰਜ ਕੀਤੇ ਜਾਂਦੇ ਹਨ।

ਇਸ ਭਾਗ ਵਿੱਚ ਕਰਜੇ, ਜਮਾਂ ਅਤੇ ਪੇਸ਼ਗੀਆਂ ਦੇ ਲੈਣ-ਦੇਣ [ਸਮੇਤ ਸਾਬਕਾ (ਕਰਜੇ ਤੇ ਜਮਾਂ ਰਕਮਾਂ) ਦਾ ਭੁਗਤਾਨ ਅਤੇ ਬਾਦ ਵਾਲੇ (ਪੇਸ਼ਗੀ ਜਮਾਂ) ਦੀ ਮੁੜ ਪ੍ਰਾਪਤੀਆਂ] ਇਸ ਤਰਾਂ ਦੇ ਹੁੰਦੇ ਹਨ, ਜਿਨ੍ਹਾਂ ਦੇ ਸਬੰਧ ਵਿੱਚ ਅਦਾਇਗੀ ਦੀ ਜੁੰਮੇਵਾਰੀ ਸਰਕਾਰ ਦੀ ਹੁੰਦੀ ਹੈ ਜਾਂ ਭੁਗਤਾਨ ਕੀਤੀ ਰਕਮਾਂ ਨੂੰ ਮੁੜ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਜਾ ਸਕਦਾ ਹੈ।

ਇਸ ਭਾਗ ਵਿੱਚ ਜਮਾਂ ਕਰਵਾਈਆਂ ਰਕਮਾਂ ਅਤੇ ਉਚੰਤ ਸਬੰਧੀ ਲੈਣ-ਦੇਣ ਇਸ ਤਰਾਂ ਦੇ ਹੁੰਦੇ ਹਨ ਜੋ ਕਿ ਆਮ ਤੌਰ ਤੇ ਸਮਾਯੋਜਿਤ ਮਦਾਂ ਹੁੰਦਿਆਂ ਹਨ ਜਿਨ੍ਹਾਂ ਅਧੀਨ ਖਜਾਨਿਆਂ ਅਤੇ ਕਰੇਂਸੀ ਚੇਸਟ ਵਿਚਕਾਰ ਜਮਾਂ ਕਰਵਾਈਆਂ ਰਕਮਾਂ ਅਤੇ ਲੇਖਾ ਸਰਕਲਾਂ ਵਿੱਚ ਟ੍ਰਾਂਸਫਰ ਸਬੰਧੀ ਲੈਣ-ਦੇਣ ਸ਼ਾਮਲ ਹੁੰਦੇ ਹਨ। ਇਨ੍ਹਾਂ ਮਦਾਂ ਵਿੱਚ ਸ਼ੁਰੂਆਤੀ ਡੈਬਿਟ ਜਾਂ ਕ੍ਰੇਡਿਟ ਦਾ ਨਿਪਟਾਰਾ ਅਸਲੀ ਮੱਦ ਨੂੰ ਬੁਕ ਕਰਕੇ ਕੀਤਾ ਜਾਂਦਾ ਹੈ।

### 1.2.2 ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ

## ਸਰਕਾਰੀ ਲੇਖੇ ਦੇ ਢਾਂਚੇ ਦਾ ਚਿਤਰਣ




## 1.3 ਵਿੱਤ ਲੇਖੇ ਅਤੇ ਨਮਿੱਤਣ ਲੇਖੇ

### 1.3.1 ਵਿੱਤ ਲੇਖੇ

ਵਿੱਤ ਲੇਖੇ ਸਰਕਾਰ ਦੀਆਂ ਸਲਾਨਾ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਨਾਲ ਨਾਲ ਮਾਲੀਆਂ ਅਤੇ ਪੂੰਜੀਗਤ ਲੇਖਿਆ ਵਿੱਚ ਦਰਸਾਏ ਗਏ ਵਿੱਤੀ ਨਤੀਜਿਆਂ ਅਤੇ ਸਾਰਵਜਨਿਕ ਕਰਜ਼ੇ ਅਤੇ ਸਰਵਜਨਿਕ ਲੇਖਿਆ ਦੇ ਬਕਾਇਆ ਨੂੰ ਦਰਸਾਉਂਦੇ ਹਨ। ਜਿਆਦਾ ਵਿਆਪਕ ਅਤੇ ਸੂਚਨਾਪੂਰਨ ਬਨਾਉਣ ਲਈ ਵਿੱਤ ਲੇਖੇ ਦੋ ਭਾਗਾਂ ਵਿੱਚ ਤਿਆਰ ਕੀਤੇ ਗਏ ਹਨ। ਵਿੱਤ ਲੇਖੇ **ਭਾਗ-I** ਵਿੱਚ ਭਾਰਤ ਦੇ ਨਿਰੀਖਕ ਅਤੇ ਮਹਾਂਲੇਖਾਪ੍ਰੀਖਕ ਦਾ ਪ੍ਰਮਾਣ ਪੱਤਰ, ਵਿੱਤ ਲੇਖੇ ਲਈ ਗਾਇਡ, 13 ਸਟੇਟਮੈਂਟਾਂ ਜੋਕਿ ਰਾਜ ਸਰਕਾਰ ਦੇ ਚਾਲੂ ਵਿੱਤ ਸਾਲ ਦੇ ਵਿੱਤੀ ਲੈਣ ਦੇਣ ਸਥਿਤੀ ਦੀ ਸੰਖੇਪ ਵਿੱਚ ਸੂਚਨਾ, ਨੋਟਸ ਟੂ ਫਾਇਨਾਂਸ ਅਕਾਉਂਟਸ ਅਤੇ ਇਸਦੇ ਅਨੁੱਲਗ ਸ਼ਾਮਲ ਹਨ। ਵਿੱਤ ਲੇਖੇ ਦੇ **ਭਾਗ-II** ਵਿੱਚ 2 ਹਿੱਸੇ ਹਨ, ਪਹਿਲੇ ਹਿੱਸੇ ਵਿੱਚ 9 ਵਿਸਤ੍ਰਿਤ ਸਟੇਟਮੈਂਟਾਂ ਅਤੇ ਦੂਜੇ ਹਿੱਸੇ ਵਿੱਚ 13 ਅੰਤਿਕਾਵਾ (Appendices) ਹਨ।

ਸਾਲ 2024-25 ਵਿੱਚ ਵਿੱਤ ਲੇਖੇ ਵਿੱਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭੁਗਤਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**ਸਾਲ 2024-25 ਵਿੱਚ ਪ੍ਰਾਪਤੀਆਂ ਅਤੇ ਭੁਗਤਾਨ**




* ਉਧਾਰ ਅਤੇ ਹੋਰ ਦੇਣਦਾਰੀਆਂ : ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ-ਭੁਗਤਾਨ)+ਨਿਰੋਲ ਅਚੇਤ ਫੰਡ+ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ-ਭੁਗਤਾਨ)+ਨਿਰੋਲ ਮੁਢਲੇ ਅਤੇ ਅੰਤਿਮ ਰੋਕੜ ਬਕਾਇਆ।

ਕੇਂਦਰ ਸਰਕਾਰ ਰਾਜ ਵਿੱਚ ਲਾਗੂ ਕਰਣ ਵਾਲੀ ਇਜੰਸੀਆਂ/ਗੈਰ ਸਰਕਾਰੀ ਸੰਸਥਾਨਾਂ ਨੂੰ ਵੱਖ ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਮੂਲ ਫੰਡ ਸਿੱਧੇ ਤੌਰ ਤੇ ਤਬਦੀਲ ਕਰਦੀ ਹੈ। ਸਾਲ 2024-25 ਵਿੱਚ ਭਾਰਤ ਸਰਕਾਰ ਨੇ ₹3,998ਕਰੋੜ ਦੇ ਫੰਡ ਸਿੱਧੇ ਤੌਰ ਤੇ ਪੰਜਾਬ ਵਿੱਚ ਲਾਗੂ ਕਰਣ ਵਾਲੀਆਂ ਇਜੰਸੀਆਂ ਨੂੰ ਜਾਰੀ ਕੀਤੇ। ਇਹ ਫੰਡ ਰਾਜ ਦੇ ਬਜ਼ਟ ਤੋਂ ਬਾਹਰ ਹੁੰਦੇ ਹਨ ਅਤੇ ਰਾਜ ਸਰਕਾਰ ਦੇ ਲੇਖੇ ਵਿੱਚ ਵੀ ਨਹੀਂ ਦਰਸਾਏ ਜਾਂਦੇ ਹਨ। ਇਹ ਫੰਡ ਵਿੱਤ ਲੇਖੇ ਵਿੱਚ ਭਾਗ 2 ਅੰਕਿਤਾ 6 ਵਿੱਚ ਦਰਸਾਏ ਜਾਂਦੇ ਹਨ।

### 1.3.2 ਲੇਖੇ ਦੀਆਂ ਵਿੱਤੀ ਹਾਇਲਾਈਟਸ

ਸਾਲ 2024-25 ਵਿੱਚ ਅਸਲ ਵਿੱਤੀ ਨਤੀਜਿਆਂ ਦਾ ਵੇਰਵਾ, ਬਜਟ ਅਨੁਮਾਨਾਂ ਦੇ ਅਨੁਸਾਰ ਇਸ ਤਰਾਂ ਹੈ:

*(₹ ਕਰੋੜ ਵਿੱਚ)*

| ਲੜੀ ਨੰ: | ਹਿੱਸੇ | ਬਜਟ ਅਨੁਮਾਨ 2024-25 | ਅਸਲ 2024-25 | ਅਸਲ ਦੀ ਬਜਟ ਅਨੁਮਾਨ ਨਾਲ ਪ੍ਰਤੀਸ਼ਸਤਾ | ਅਸਲ ਤੋਂ ਜੀਐਸਡੀਪੀ (ੲ) ਦੀ ਪ੍ਰਤੀਸ਼ਤ |
|---|---|---|---|---|---|
| 1. | ਕਰ ਆਮਦਨ | 80,942 | 77,048(a) | 95 | 10 |
| 2. | ਗੈਰ ਕਰ ਆਮਦਨ | 11,246 | 6,277 | 56 | 1 |
| 3. | ਅਨੁਦਾਨ ਸਹਾਇਤਾ ਅਤੇ ਯੋਗਦਾਨ | 11,748 | 9,882 | 84 | 1 |
| 4. | *ਮਾਲੀਆ ਪ੍ਰਾਪਤੀਆਂ (1+2+3)* | 1,03,936 | 93,207 | 90 | 12 |
| 5. | ਕਰਜ਼ੇ ਅਤੇ ਪੇਸ਼ਗੀਆ ਦੀ ਵਸੂਲੀ | 150 | 28 | 19 | .. |
| 6. | ਹੋਰ ਪ੍ਰਾਪਤੀਆਂ | 500 | .. | .. | .. |
| 7. | ਉਧਾਰ ਅਤੇ ਹੋਰ ਦੇਣਦਾਰੀਆਂ (ਅ) | 30,465 | 39,711 | 130 | 5 |
| 8. | *ਪੂੰਜੀਗਤ ਪ੍ਰਾਪਤੀਆਂ (5+6+7)* | 31,115 | 39,739 | 130 | 5 |
| 9. | *ਕੁੱਲ ਪ੍ਰਾਪਤੀਆਂ (4+8)* | 1,35,051 | 1,32,946 | 98 | 17 |
| 10. | *ਮਾਲੀਆ ਖਰਚੇ* | 1,27,134 | 1,25,776 | 99 | 16 |
| 11. | *ਬਿਆਜ ਦੇਣ ਤੇ ਖਰਚਾ (ਮਾਲੀਆ ਖਰਚੇ ਤੋਂ)* | 23,900 | 24,621 | 103 | 3 |
| 12. | *ਪੂੰਜੀਗਤ ਖਰਚੇ* | 7,445 | 6,876 | 92 | 1 |
| 13. | *ਕਰਜੇ ਅਤੇ ਪੇਸ਼ਗੀਆਦੀ ਵੰਡ* | 472 | 294 | 62 | .. |
| 14. | *ਕੁੱਲ ਖਰਚਾ (10+12+13)* | 1,35,051 | 1,32,946 | 98 | 17 |
| 15. | *ਮਾਲੀਆ ਘਾਟਾ (4-10)* | 23,198 | 32,569 | 140 | 4 |
| 16. | *ਵਿੱਤੀ ਘਾਟਾ (4+5+6-14)* | 30,465 | 39,711 | 130 | 5 |

*ੳ) ਕੇਂਦਰੀ ਕਰਾਂ ਵਿੱਜ ਰਾਜ ਦਾ ਹਿੱਸਾ ₹ 23,254 ਕਰੋੜ ਹੈ।*

*ਅ) ਉਧਾਰ ਅਤੇ ਹੋਰ ਦੇਣਦਾਰੀਆਂ: ਨਿਰੋਲ ਜੰਨਤਕ ਕਰਜ਼ੇ (ਪ੍ਰਾਪਤੀਆਂ–ਭੁਗਤਾਨ)+ ਨਿਰੋਲ ਅਚੇਤ ਫੰਡ+ ਨਿਰੋਲ ਜੰਨਤਕ ਲੇਖਾ (ਪ੍ਰਾਪਤੀਆਂ–ਭੁਗਤਾਨ)–ਨਿਰੋਲ–ਮੁੱਢਲੇ ਅਤੇ ਅੰਤਿਮ ਰੋਕੜ ਬਕਾਇਆ।*

*ੲ) ਭਾਰਤ ਸਕਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੇਬਸਾਇਟ ਤੇ 01ਅਗਸਤ 2025 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ ₹8,38,636 ਕਰੋੜ ਹੈ।*

### 1.3.3 ਨਮਿੱਤਣ ਲੇਖੇ

ਹਰੇਕ ਸਾਲ ਵਿੱਚ ਨਮਿੱਤਣ ਲੇਖੇ ਰਾਜ ਸਰਕਾਰ ਦੇ ਸਮਕਿਤ ਨਿਧੀ ਤੋਂ ਸਕਲ ਖਰਚੇ (ਵੋਟਿਡ ਅਤੇ ਚਾਰਜਡ) ਦੇ ਮੁਕਾਬਲੇ ਭਾਰਤੀ ਸੰਵਿਧਾਨ ਦੇ ਅਨੁਛੇਦ 204 ਅਤੇ 205 ਦੇ ਅਧੀਨ ਰਾਜ ਸਰਕਾਰ ਦੁਆਰਾ ਪਾਸ ਕੀਤੇ ਨਮਿੱਤਣ ਐਕਟ ਨਾਲ ਨੱਥੀ ਅਨੁਸੂਚੀਆਂ ਵਿੱਚ ਨਿਰਧਾਰਿਤ ਰਕਮਾਂ ਨੂੰ ਦਰਸਾਉਂਦੇ ਹਨ। ਪੰਜਾਬ ਸਰਕਾਰ ਦੇ ਸਾਲ 2024-25 ਦੇ ਨਮਿੱਤਣ ਲੇਖੇ ਵਿੱਚ 32 ਚਾਰਜਡ ਅਤੇ 42 ਵੋਟਿਡ ਅਨੁਦਾਨਾਂ ਵਿੱਚ ਖਰਚ ਦੀਆਂ ਰਕਮਾਂ ਨੂੰ ਦਰਸਾਉਂਦੇ ਹਨ।

### 1.3.4 ਬਜਟ ਤਿਆਰ ਕਰਨ ਵਿੱਚ ਨਿਪੁੰਨਤਾ

ਨਮਿੱਤਣ ਅਧਿਨਿਯਮ 2024-25 ਦੇ ਅੰਤਰਗਤ ₹ 2,30,250 ਕਰੋੜ ਦਾ ਕੁੱਲ ਖਰਚਾ ਹੋਇਆ ਜਿਸ ਵਿੱਚ ਸਾਲ ਦੌਰਾਨ ਵਿਧਾਨ ਸਭਾ ਦੁਆਰਾ ਪਾਰਿਤ ₹25,332 ਕਰੋੜ ਦੀਆਂ ਪੂਰਕ ਗਰਾਂਟਾਂ ਸ਼ਾਮਲ ਹਨ। ਖਰਚੇ ਦੀ ਕਟੋਤੀ ਵੱਜੋਂ ਕੁੱਝ ਵੀ ਰਕਮ ਦਾ ਪ੍ਰਾਵਧਾਨ ਨਹੀਂ ਕੀਤਾ ਗਿਆ।

ਨਮਿੱਤਣ ਲੇਖੇ 2024-25 ਵਿਚ ₹ 2,30,250 ਕਰੋੜ ਦੇ ਬਜਟ ਅਨੁਮਾਨ ਦੇ ਮੁਕਾਬਲੇ ₹ 2,12,907 ਕਰੋੜ ਦਾ ਕੁੱਲ ਭੁਗਤਾਨ ਦਿਖਾਇਆ ਗਿਆ ਹੈ। ਨਤੀਜੇ ਵਜੋਂ ₹ 2,30,250 ਕਰੋੜ ਦੀ (6 ਪ੍ਰਤੀਸਤ) ਦੀ ਸ਼ੁੱਧ ਬਚਤ ਹੋਈ। ਹਾਲਾਂਕਿ, ₹ 17,343 ਕਰੋੜ (7.5 ਪ੍ਰਤੀਸ਼ਤ) ਦੀ ਸ਼ੁੱਧ ਬਚਤ ਸਥਾਨਕ ਸਰਕਾਰਾਂ (₹ 3,905 ਕਰੋੜ), ਸਿੱਖਿਆ (₹ 1,687 ਕਰੋੜ), ਪੇਂਡੂ ਵਿਕਾਸ ਅਤੇ ਪੰਚਾਇਤਾਂ (₹1,341 ਕਰੋੜ) ਅਤੇ ਖੇਤੀ ਬਾੜੀ ( ₹1,317 ਕਰੋੜ) ਦੁਆਰਾ ਨਿਯੰਤਰਿਤ ਗ੍ਰਾਂਟਾਂ ਦੇ ਅਧੀਨ ਸੀ । ਇਸ ਤਰਾਂ ਦੋ ਵੋਟਿਡ ਅਨੁਦਾਨ ਅਤੇ ਇੱਕ ਚਾਰਜਡ ਨਮਿੱਤਨ ਵਿੱਚ ₹ (1,595) ਕਰੋੜ ਦਾ ਵਾਧੂ ਖਰਚਾ ਹੋਇਆ। ਬਜਟ ਅਨੁਮਾਨਾਂ ਵਿੱਚ ਖਰਚੇ ਦੀ ਕਟੌਤੀ ਵਜੋਂ ਰਿਕਵਰੀ ਦੇ ਨਿਲ ਪ੍ਰਾਵਧਾਨ ਸੀ। ਸਾਲ 2024-25ਵਿੱਚ ₹ 792ਕਰੋੜ ਦੀ ਅਸਲ ਰਿਕਵਰੀ ਹੋਈ।

ਸਾਲ 2024-25ਦੇ ਨਮਿੱਤਣ ਲੇਖੇ ਤੋਂ ਪਤਾ ਲਗਦਾ ਹੈ ਕਿ ₹ 2,12,907 ਕਰੋੜ ਦੇ ਕੁੱਲ ਖਰਚੇ ਵਿਚੋਂ ₹1,26,062 ਕਰੋੜ ਦਾ ਮਾਲੀਆ ਖਰਚਾ, ₹7,045 ਕਰੋੜ ਦਾ ਪੂੰਜੀਗਤ ਖਰਚਾ, ₹79,515 ਕਰੋੜ ਕਰਜ਼ਿਆ ਦੀ ਅਦਾਇਗੀ ਅਤੇ ₹ 285 ਕਰੋੜ ਰਾਜ ਸਰਕਾਰ ਦੁਆਰਾ ਉਧਾਰ ਅਤੇ ਪੇਸ਼ਗੀਆ ਤੇ ਖਰਚ ਹੋਏ। ਰਾਜ ਵਿਧਾਨ ਸਭਾ ਵੱਲੋਂ ਪਾਸ ਕੀਤੀ ਗਈ ਕੁਲ ਮੰਗਾ ਦੇ ਹਵਾਲੇ ਵਿੱਚ ਮਾਲੀਆ, ਪੂੰਜੀਗਤ, ਜਨਤਕ ਕਰਜੇ ਅਤੇ ਉਧਾਰ ਅਤੇ ਪੇਸ਼ਸਿਆਂ ਵਿੱਚ ਬਚਤਾਂ ਹੋਇਆਂ।

## 1.4 ਫੰਡਾਂ ਦੇ ਸਰੋਤ ਅਤੇ ਵਰਤੋਂ

### 1.4.1 ਉਪਾਅ ਅਤੇ ਸਾਧਨ ਪੇਸ਼ਗੀਆਂ

ਭਾਰਤੀ ਰਿਜ਼ਰਵ ਬੈਂਕ ਰਾਜ ਸਰਕਾਰਾਂ ਨੂੰ ਆਪਣੀ ਤਰਲਤਾ (Liquidity) ਨੂੰ ਬਰਕਰਾਰ ਰੱਖਣ ਲਈ ਵੇਜ਼ ਐਂਡ ਮੀਨਜ਼ ਅਡਵਾਂਸ ਦੀ ਸਹੂਲਤ ਪ੍ਰਦਾਨ ਕਰਦਾ ਹੈ ਓਵਰਡਰਾਫਟ ਸੁਵਿਧਾਵਾਂ ਉਦੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਦੋਂ ਸਹਿਮਤੀਸ਼ੁਦਾ ਘੱਟੋ-ਘੱਟ ਨਕਦ ਬਕਾਇਆ ਜੋ ਕਿ ₹ 1.56 ਕਰੋੜ ਹੈ ਉਸ ਤੋਂ ਘਟ ਹੁੰਦਾ ਹੈ 31 ਮਾਰਚ 2025 ਨੂੰ ₹ 6,692 ਕਰੋੜ ਰੁਪਏ ਵੇਜ਼ ਐਂਡ ਮੀਨਜ਼ ਐਡਵਾਂਸ ਦੇ ਰੂਪ ਵਿੱਚ ਬਕਾਇਆ ਸਨ। ਪਿਛਲੇ ਸਾਲ ਦੇ ਅੰਤ ਵਿੱਚ, ਵੇਜ਼ ਐਂਡ ਮੀਨਜ਼ ਐਡਵਾਂਸ ਦੇ ਰੂਪ ਵਿੱਚ ਕੋਈ ਰਕਮ ਬਕਾਇਆ ਨਹੀਂ ਸੀ। 2024-25 ਦੇ ਦੌਰਾਨ, ਸਰਕਾਰ ਨੇ 151 ਮੌਕਿਆਂ 'ਤੇ ਸਾਧਾਰਨ ਵੇਜ਼ ਐਂਡ ਮੀਨਜ਼ ਅਡਵਾਂਸ ਵਜੋਂ ₹ 26,559 ਕਰੋੜ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 25,709 ਕਰੋੜ ਦੀ ਅਦਾਇਗੀ ਸਾਲ ਦੌਰਾਨ ਕੀਤੀ ਗਈ ਸੀ ਅਤੇ ₹ 1,954 ਕਰੋੜ ਦਾ ਬਕਾਇਆ ਸੀ। ਇਨ੍ਹਾਂ ਅਡਵਾਂਸ 'ਤੇ ਵਿਆਜ ਵਜੋਂ ₹ 26 ਕਰੋੜ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ। ਸਰਕਾਰ ਨੇ ਪੰਜ ਮੌਕਿਆਂ 'ਤੇ ਓਵਰ ਡਰਾਫਟ ਵਜੋਂ ₹ 7,467 ਕਰੋੜ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 7,669 ਕਰੋੜ ਰੁਪਏ ਦੀ ਅਦਾਇਗੀ ਸਾਲ ਦੌਰਾਨ ਕੀਤੀ ਗਈ ਸੀ ਅਤੇ ₹ 61 ਕਰੋੜ ਦਾ ਬਕਾਇਆ ਸੀ। ਇਨ੍ਹਾਂ ਅਡਵਾਂਸ 'ਤੇ ਵਿਆਜ ਵਜੋਂ ₹ 5 ਕਰੋੜ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ। ਸਰਕਾਰ ਨੇ ਅੱਠ ਮੌਕਿਆਂ 'ਤੇ ਕਮੀ (Shortfall) ਦੇ ਤੌਰ 'ਤੇ ₹ 6.24 ਕਰੋੜ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 4.68 ਕਰੋੜ ਦੀ ਅਦਾਇਗੀ ਸਾਲ ਦੌਰਾਨ ਕੀਤੀ ਗਈ ਸੀ ਅਤੇ ₹ 1.56 ਕਰੋੜ ਦਾ ਬਕਾਇਆ ਸੀ। ਇਨ੍ਹਾਂ ਅਡਵਾਂਸ 'ਤੇ ਵਿਆਜ ਵਜੋਂ ₹ 0.25 ਲੱਖ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ। ਸਰਕਾਰ ਨੇ ਇੱਕ ਸੌ 24 ਮੌਕਿਆਂ 'ਤੇ ਵਿਸ਼ੇਸ਼ ਡਰਾਇੰਗ ਸਹੂਲਤ ਵਜੋਂ ₹ 35,663 ਕਰੋੜ ਰੁਪਏ ਵੀ ਪ੍ਰਾਪਤ ਕੀਤੇ, ਜਿਸ ਵਿੱਚੋਂ ₹ 33,199 ਕਰੋੜ ਰੁਪਏ ਦਾ ਬਕਾਇਆ ਛੱਡ ਕੇ ਸਾਲ ਦੌਰਾਨ ₹ 4,677 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ। ਇਨ੍ਹਾਂ ਪੇਸ਼ਗੀ 'ਤੇ ਵਿਆਜ ਵਜੋਂ ₹ 149 ਕਰੋੜ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਸੀ।

### 1.4.2 ਫੰਡ ਪ੍ਰਵਾਹ ਵੇਰਵਾ

ਰਾਜ ਦਾ ₹ 32,569 ਕਰੋੜ ਦਾ ਮਾਲੀਆ ਘਾਟਾ ਅਤੇ ₹ 39,711 ਕਰੋੜ ਦਾ ਵਿਤੀ ਘਾਟਾ ਕੁਲ ਰਾਜ ਘਰੇਲ ਉਤਪਾਦ*ਦਾ ਕ੍ਰਮਵਾਰ 3.88 ਪ੍ਰਤੀਸ਼ਤ ਅਤੇ 4.74 ਪ੍ਰਤੀਸ਼ਤ ਬਣਦਾ ਹੈ। ਵਿੱਤੀ ਘਾਟਾ ਕੁਲ ਖਰਚੇ ਦਾ 29.87 ਪ੍ਰਤੀਸ਼ਤ ਹੈ। ਇਸ ਘਾਟੇ ਦੀ ਪੂਰਤੀ ਸਾਰਵਜਨਿਕ ਕਰਜ਼ੇ (₹ 34,403 ਕਰੋੜ ), ਸਾਰਵਜਨਿਕ ਲੇਖਿਆਂ ਵਿੱਚ ਵਾਧਾ (₹5,308 ਕਰੋੜ ) ਨਾਲ ਕੀਤਾ ਗਿਆ। ਰਾਜ ਸਰਕਾਰ ਦੀ ਮਾਲੀਆ ਪ੍ਰਾਪਤੀਆਂ (₹ 93,207 ਕਰੋੜ) ਦਾ ਲਗਭਗ 79 ਪਰਤੀਸ਼ਤ ਪ੍ਰਤੀਬੱਧ ਖਰਚੇ ਜਿਵੇ ਤਨਖਾਹਾਂ (₹ 28,997 ਕਰੋੜ), ਵਿਆਜ ਅਦਾਇਗਿਆ (₹ 24,622 ਕਰੋੜ ) ਅਤੇ ਪੈਨਸ਼ਨਾਂ (₹ 20,247 ਕਰੋੜ) ਤੇ ਖਰਚ ਕੀਤਾ ਗਿਆ ਹੈ।

## ਫੰਡਾਂ ਦੇ ਸਰੋਤ ਅਤੇ ਵਰਤੋਂ

(₹ ਕਰੋੜ ਵਿੱਚ)


**ਸਰੋਤ**

| ਵੇਰਵੇ | ਰਕਮ |
|---|---|
| ਮੁੱਢਲਾ ਨਕਦ ਬਕਾਇਆ 01.04.2024 ਨੂੰ | 192 |
| ਮਾਲੀਆ ਪ੍ਰਾਪਤੀਆਂ | 93,207 |
| ਕਰਜ਼ ਅਤੇ ਪੇਸ਼ਗੀਆਂ ਦੀ ਵਸੂਲੀ | 28 |
| ਸਾਰਵਜਨਿਕ ਕਰਜ਼ | 1,13,918 |
| ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ | 3,364 |
| ਰਾਖਵੇਂ ਫੰਡ | 2,649 |
| ਪ੍ਰਾਪਤ ਜਮ੍ਹਾਂ | 8,885 |
| ਸਿਵਿਲ ਪੇਸ਼ਗੀ ਦਾ ਭੁਗਤਾਨ | .. |
| ਉੱਚਤ ਲੇਖੇ | 96,504 |
| ਜਮ੍ਹਾਂ ਕਰਵਾਈਆਂ ਗਈਆਂ ਰਕਮਾਂ | 165 |
| ਅਚੇਤ ਨਿਧੀ | .. |
| ਕੁੱਲ | 3,18,912 |


*ਭਾਰਤ ਸਕਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੇਬਸਾਇਟ ਤੇ 01 ਅਗਸਤ 2025 ਨੂੰ ਸਕਲ ਰਾਜ ਘਰੇਲੂ ਉਤਪਾਦ ਦਾ ਚਾਲੂ ਮੁੱਲ ₹ 8,38,636 ਕਰੋੜ ਹੈ।*

| ਵਰਤੋਂ | |
|---|---|
| ਮਾਲੀਆ ਖਰਚਾ | 1,25,776 |
| ਪੂੰਜੀਗਤ ਖਰਚਾ | 6,876 |
| ਦਿਤੇ ਕਰਜ਼ੇ | 294 |
| ਸਰਵਜਨਿਕ ਕਰਜ਼ਿਆਂ ਦੀ ਅਦਾਇਗੀ | 79,515 |
| ਛੋਟੀਆਂ ਬਚਤਾਂ, ਪ੍ਰਾਵੀਡੈਂਟ ਫੰਡ ਆਦਿ | 3,219 |
| ਰਾਖਵੇਂ ਫੰਡ | 810 |
| ਖਰਚ ਕੀਤੇ ਜਮ੍ਹਾਂ | 5,529 |
| ਦਿਤੀਆਂ ਸਿਵਲ ਪੇਸ਼ਗੀਆਂ | .. |
| ਉਚੰਤ ਲੇਖੇ | 96,524 |
| ਜਮ੍ਹਾਂ ਕਰਾਈਆਂ ਰਕਮਾਂ | 163 |
| 31.03.2025 ਨੂੰ ਅੰਤਿਮ ਬਕਾਇਆ | 206 |
| ਕੁੱਲ | 3,18,912 |

### 1.4.3 ਰੁਪਏ ਦੀ ਆਮਦ ਕਿਥੋਂ ਹੋਈ



### 1.4.4 ਰੁਪਿਆ ਕਿਥੇ ਖਰਚ ਹੋਇਆ




## 1.5 ਘਾਟਾ ਅਤੇ ਵਾਧਾ

**ਘਾਟਾ**

ਘਾਟਾ ਪ੍ਰਾਪਤੀਆਂ ਅਤੇ ਖਰਚੇ ਦੇ ਅੰਤਰ ਨੂੰ ਦਰਸਾਉਂਦਾ ਹੈ। ਘਾਟੇ ਦੀ ਕਿਸਮ ਘਾਟੇ ਦੀ ਭਰਪਾਈ ਅਤੇ ਫੰਡਾਂ ਦੀ ਵਰਤੋਂ ਆਰਥਿਕ ਪ੍ਰਬੰਧਨ ਦੇ ਜਰੂਰੀ ਸੂਚਕ ਹਨ।

**ਮਾਲੀਆ ਘਾਟਾ/ਵਾਧਾ**

ਮਾਲੀਆ ਪ੍ਰਾਪਤੀਆਂ ਅਤੇ ਮਾਲੀਆ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਮਾਲੀਆ ਖਰਚਾ ਸਰਕਾਰੀ ਅਮਲਾ ਚਲਾਉਣ ਲਈ ਜਰੂਰੀ ਹੈ ਅਤੇ ਇਹ ਮਾਲੀਆ ਪ੍ਰਾਪਤੀਆਂ ਤੋਂ ਪੂਰਾ ਕੀਤਾ ਜਾਣਾ ਚਾਹੀਦਾ ਹੈ।

**ਵਿਤੀ ਘਾਟਾ/ਵਾਧਾ**

ਕੁਲ ਪ੍ਰਾਪਤੀਆਂ (ਦੇਣਦਾਰੀਆਂ ਅਤੇ ਉਧਾਰ ਛੱਡ ਕੇ) ਅਤੇ ਕੁਲ ਖਰਚ ਦੇ ਅੰਤਰ ਨੂੰ ਦਰਸਾਉਂਦਾ ਹੈ। ਕਿਸ ਹੱਦ ਤੱਕ ਖਰਚ ਨੂੰ ਉਧਾਰ ਲੈ ਕੇ ਪੂਰਾ ਕੀਤਾ ਗਿਆ ਇਸ ਤੱਥ ਨੂੰ ਦਰਸਾਉਂਦਾ ਹੈ। ਉਧਾਰ ਰਾਸ਼ੀਆਂ ਨੂੰ ਪੂੰਜੀਗਤ ਯੋਜਨਾਵਾਂ ਤੇ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ।

## 1.5.1 ਪਿਛਲੇ ਪੰਜ ਸਾਲਾਂ ਦੌਰਾਨ ਮਾਲੀਆ ਘਾਟਾ/ਵਾਧਾ ਅਤੇ ਵਿੱਤੀ ਘਾਟੇ ਦਾ ਰੁਝਾਨ ਹੇਠ ਅਨੁਸਾਰ ਹੈ :


*(ਰੁਪਏ ਕਰੋੜ ਵਿੱਚ)*

| ਸਾਲ | ਜੀ ਐਸ ਡੀ ਪੀ (i) | ਮਾਲੀਆ ਘਾਟਾ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ | ਵਿਤੀ ਘਾਟਾ | ਜੀ ਐਸ ਡੀ ਪੀ ਨਾਲ ਪ੍ਰਤੀਸ਼ਤਤਾ |
|---|---|---|---|---|---|
| **2020-21** | 5,40,853 | 17,297 | 3.20 | 22,585 | 4.18 |
| **2021-22** | 6,27,717 | 18,468 | 2.94 | 27,847 | 4.44 |
| **2022-23** | 6,92,519 | 26,045 | 3.76 | 33,930 | 4.90 |
| **2023-24** | 7,71,743 | 28,215 | 3.66 | 33,115 | 4.29 |
| **2024-25** | 8,38,636 | 32,569 | 3.88 | 39711 | 4.74 |

ਸਰੋਤ:

*ਭਾਰਤ ਸਰਕਾਰ ਦੇ ਆਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀ ਦਿੱਲੀ ਦੀ ਵੈਬਸਾਇਟ ਤੇ 01 ਅਗਸਤ 2025 ਦੇ ਆਂਕੜੇ ਅਨੁਸਾਰ।*

### ਮਾਲੀਆ ਘਾਟਾ ਅਤੇ ਵਿੱਤੀ ਘਾਟਾ




## 1.5.2 ਪੰਜਾਬ ਵਿੱਤੀ ਜਿੰਮੇਦਾਰੀ ਅਤੇ ਬੱਜਟ ਪ੍ਰਬੰਧਣ (PFRBM) ਅਧਿਨਿਯਮ

1.5.2.1 ਪੰਜਾਬ ਸਰਕਾਰ ਦੇ ਮੌਜੂਦਾ FRBM ਅਧਿਨਿਯਮ 2003 ਮੁਤਾਬਿਕ ਪੰਜਾਬ ਸਰਕਾਰ ਨੇ ਸਾਲ 2024-25 ਦੇ ਮਿਡਅਮ ਟਰਮ ਵਿੱਤੀ ਯੋਜਨਾਵਾਂ ਅਤੇ ਸਟੇਟੇਜੀ ਸਟੇਟਮੈਂਟ ਰਾਜ ਸਰਕਾਰ ਦੇ ਬਜਟ ਨਾਲ ਪੇਸ਼ ਕੀਤੀ।

ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਨ ਸਮੇ ਰਾਜ ਸਰਕਾਰ ਦੁਆਰਾ ਪੀ.ਐਫ.ਆਰ.ਬੀ.ਐਮ ਐਕਟ ਅਤੇ ਨਿਅਮਾਂ ਦੇ ਅਨੁਸਾਰ ਮਿੱਥੇ ਟੀਚਿਆਂ ਅਤੇ ਸਰਕਾਰ ਦੀ ਕਾਰਗੁਜਾਰੀ ਦੀ ਸਥਿਤੀ ਪੇਸ਼ ਕਰਨੀ ਬਣਦੀ ਹੈ। ਇਸ ਸੰਧਰਭ ਵਿੱਚ ਲੇਖਾ ਪਧਤੀ, ਨੀਤੀਆਂ ਅਤੇ ਕਾਰਜ ਪ੍ਰਣਾਲੀ ਵਿੱਚ ਮਹਤਵਪੂਰਨ ਤਬਦੀਲੀਆ ਜੋ ਨਿਰਧਾਰਤ ਵਿੱਤੀ ਸੁਚਕਾ ਨੂੰ ਪ੍ਰਭਾਵਿਤ ਕਰਨ ਜਾ ਕਰ ਸਕਦੀਆ ਹੋਣ, ਦੇ ਬਾਰੇ ਕੋਈ ਖੁਲਾਸਾ ਨਹੀ ਕੀਤਾ ਗਿਆ।

1.5.2.2 ਸਾਲ 2024-25 ਵਿੱਚ ਪੰਜਾਬ ਸਰਕਾਰ ਦੇ ਲੇਖਿਆ ਦੀ ਨਿਪੁੰਨਤਾ ਦਾ ਪਤਾ ਪੀ.ਐਫ.ਆਰ.ਬੀ.ਐਮ. ਐਕਟ ਅਤੇ ਰੂਲਾਂ ਦੇ ਅਨੁਸਾਰ ਸਿਖੇ ਅਧਿਨਿਯਮ ਦੁਆਰਾ ਮਿਥੇ (ਨਿਰਧਾਰਿਤ) ਟੀਚਿਆਂ ਤੋਂ ਲਗਦਾ ਹੈ ਜੋ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਨੂੰ ਹੇਠ ਲਿਖੇ ਅਨੁਸਾਰ ਦਰਸਾਉਂਦਾ ਹੈ :-

| ਲੜੀ ਨੰ: | ਵਿੱਤੀ ਪੈਮਾਨੇ | ਅਸਲ ਖਰਚਾ (ਰੁਪਏ ਕਰੋੜ ਵਿੱਚ) | ਵਿਤੀ ਸੂਚਕਾਂਕ ਪੈਮਾਨੇ ਦੀ ਸਕਲ ਰਾਜ ਘਰੇਲੂ ਉਤਪਾਦ ਨਾਲ ਪ੍ਰਤੀਸ਼ਤਤਾ* | |
|---|---|---|---|---|
| | | | ਟੀਚੇ | ਪ੍ਰਾਪਤੀ |
| 1. | ਮਾਲੀਆ ਘਾਟਾ | **32,569** | **0.00** | **3.88** |
| 2. | ਵਿੱਤੀ ਘਾਟਾ | **39,711** | **4.00****| **4.74** |

* ਸਕਲ ਰਾਜ ਘਰੇਲੂ ਉਤਪਾਦ ਦੀ ਕੀਮਤ ₹8,38,636 ਕਰੋੜ ਭਾਰਤ ਸਰਕਾਰ ਦੇ ਆਂਕੜਾ ਅਤੇ ਪ੍ਰੋਗ੍ਰਾਮ ਲਾਗੂ ਕਰਨ ਵਾਲੇ ਮੰਤਰਾਲੇ ਨਵੀਂ ਦਿੱਲੀ ਦੀ ਵੈਬਸਾਇਟ ਤੇ 01 ਅਗਸਤ 2025 ਨੂੰ ਦਰਸਾਈ ਗਈ ਹੈ।

** ਵਿਤੀ ਘਾਟੇ ਨੂੰ 3.5 ਪ੍ਰਤੀਸ਼ਤ ਅਤੇ ਅਡੀਸ਼ਨਲ 0.5 ਪ੍ਰਤੀਸ਼ਤ । ਰਾਜ ਸਰਕਾਰ ਦੁਆਰਾ ਕੀਤੇ ਗਏ ਮਾਲੀਆ ਖਰਚੇ ਹਨ ਮੁਖ ਰਖਦੇ ਹੋਏ ਸੀਮਤ ਰਖਿਆ ਜਾਵੇਗਾ।

1.5.2.3 2024-25 ਵਿੱਚ ਪੰਜਾਬ ਸਰਕਾਰ ਦੀ ਨਿਰੋਲ ਉਧਾਰੀ ₹ 39,743 ਕਰੋੜ ਹੈ।

# ਅਧਿਆਇ II

# ਪ੍ਰਾਪਤੀਆਂ

## 2.1 ਭੂਮਿਕਾ

ਸਰਕਾਰ ਦੀਆਂ ਪ੍ਰਾਪਤੀਆਂ ਨੂੰ ਮਾਲੀਆ ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਵਿੱਚ ਵੰਡਿਆ ਗਿਆ ਹੈ। ਸਾਲ 2024-25 ਵਿੱਚ ਕੁਲ ₹ 1,32,946 ਕਰੋੜ ਦੀਆਂ ਪ੍ਰਾਪਤੀਆਂ ਹੋਈਆਂ।

## 2.2 ਮਾਲੀਆ ਪ੍ਰਾਪਤੀਆਂ

ਸਰਕਾਰ ਦਿਆਂ ਮਾਲੀਆਂ ਪਾਪਤੀਆਂ ਦੇ ਤਿਨ ਭਾਗ ਹੁੰਦੇ ਹਨ:– ਕਰ ਆਸਦਨ, ਗੈਰ ਕਰ ਆਸਦਨ ਅਤੇ ਕੇਂਦਰ ਸਰਕਾਰ ਤੋਂ ਪ੍ਰਾਪਤ ਅਨੁਦਾਨ।

**ਕਰ ਆਮਦਨ**

ਕਰ ਸਰਕਾਰ ਦੁਆਰਾ ਵਸੂਲੇ ਅਤੇ ਸੰਭਾਲੇ ਜਾਂਦੇ ਹਨ। ਸੰਵਿਧਾਨ ਦੀ ਧਾਰਾ 280(3) ਅਧੀਨ ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ ਹੁੰਦਾ ਹੈ।

**ਗੈਰ- ਕਰ ਆਮਦਨ**

ਵਿਆਜ ਪ੍ਰਾਪਤੀਆਂ, ਲਾਭ-ਅੰਸ਼ ਅਤੇ ਲਾਭ ਆਦਿ ਸ਼ਾਮਿਲ ਹੁੰਦਾ ਹੈ।

**ਅਨੁਦਾਨ ਸਹਾਇਤਾ**


ਕੇਂਦਰੀ ਸਰਕਾਰ ਵਲੋਂ ਰਾਜ ਸਰਕਾਰ ਨੂੰ ਕੇਂਦਰੀ ਸਹਾਇਤਾ। ਇਸ ਵਿੱਚ ਵਿਦੇਸ਼ਾਂ ਤੋਂ ਪ੍ਰਾਪਤ ਬਾਹਰ ਅਨੁਦਾਨ ਸਹਾਇਤਾ, ਸਹਾਇਤਾ, ਸਮਾਨ ਅਤੇ ਉਪਕਰਣ ਸ਼ਾਮਿਲ ਹਨ ਜੋ ਕਿ ਕੇਂਦਰ ਸਰਕਾਰ ਦੁਆਰਾ ਦਿਤੇ ਜਾਂਦੇ ਹਨ। ਇਸਤੋਂ ਇਲਾਵਾ ਰਾਜ ਸਰਕਾਰ ਸੰਸਥਾਵਾਂ ਨੂੰ ਜਿਵੇਂ ਕਿ ਪੰਚਾਇਤੀ ਰਾਜ ਸੰਸਥਾਵਾਂ ਅਤੇ ਖੁਦਮੁਖਤਾਰ ਸੰਸਥਾਵਾਂ ਨੂੰ ਅਨੁਦਾਨ ਸਹਾਇਤਾ ਦਿੰਦੀ ਹੈ।

### 2.2.1 ਮਾਲੀਆ ਪ੍ਰਾਪਤੀਆਂ ਦੇ ਹਿੱਸੇ (2024-25)

*(₹ ਕਰੋੜ ਵਿੱਚ)*

| ਹਿੱਸੇ | ਅਸਲ |
|---|---|
| *ੳ. ਕਰ ਆਮਦਨ* | **77,048** |
| ਵਸਤੂ ਅਤੇ ਸੇਵਾ ਟੈਕਸ | 30,351 |
| ਆਮਦਨ ਅਤੇ ਖਰਚੇ ਤੇ ਕਰ | 15,204 |
| ਜਾਇਦਾਦ ਅਤੇ ਪੂੰਜੀਗਤ ਲੈਣ-ਦੇਣ ਤੇ ਕਰ | 5,889 |
| ਵਸਤਾਂ ਅਤੇ ਸੇਵਾਵਾਂ ਦੇ ਕਰ | 25,604 |
| *ਅ. ਗੈਰ ਕਰ ਆਮਦਨ* | **6,277** |
| ਵਿਆਜ ਪ੍ਰਾਪਤੀਆਂ, ਲਾਭ ਅੰਸ਼ ਅਤੇ ਲਾਭ ਆਦਿ | 204 |
| ਆਮ ਸੇਵਾਵਾਂ | 3,751 |
| ਸਮਾਜਿਕ ਸੇਵਾਵਾਂ | 1,101 |
| ਆਰਥਿਕ ਸੇਵਾਵਾਂ | 1,221 |
| *ੲ. ਅਨੁਦਾਨ ਸਹਾਇਤਾ ਅਤੇ ਅੰਸ਼ਦਾਨ* | **9,882** |
| **ਕੁੱਲ** | **93,207** |

## ਮਾਲੀਆ ਪ੍ਰਾਪਤੀਆਂ ਦੇ ਹਿੱਸੇ




### 2.2.2 ਮਾਲੀਆ ਪ੍ਰਾਪਤੀਆਂ ਦਾ ਰੁਝਾਨ


*(₹ ਕਰੋੜ ਵਿੱਚ)*

| ਹਿੱਸੇ | 2020-21 | 2021-22 | 2022-23 | 2023-24 | 2024-25 |
|---|---|---|---|---|---|
| ਕਰ ਆਮਦਨ | 40,691 (8) | 52,615 (9) | 59,407 (9) | 67,662 (9) | 77,048 (9) |
| ਗੈਰ ਕਰ ਆਮਦਨ | 4,152 (1) | 4,784 (1) | 6,232 (1) | 7,234 (1) | 6,277 (1) |
| ਅਨੁਦਾਨ ਸਹਾਇਤਾ | 24,205 (4) | 20,769 (3) | 21,977 (3) | 14,296 (2) | 9,882 (1) |
| **ਕੁੱਲ ਮਾਲੀਆ ਪ੍ਰਾਪਤੀਆਂ** | **69,048 (13)** | **78,168 (12)** | **87,616 (13)** | **89,192 (12)** | **93,207 (11)** |
| **ਸਕਲ ਰਾਜ ਘਰੇਲੂ ਉਤਪਾਦ (i)** | **5,40,853** | **6,27,717** | **6,92,519** | **7,71,743** | **8,38,636** |

*ਨੋਟ : (i) ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ।*
*(ii) ਬਰੈਕਟ ਵਿਚਲੇ ਆਂਕੜੇ ਸਕਲ ਰਾਜ ਘਰੇਲੂ ਉਤਪਾਦ ਦੇ ਅਨੁਸਾਰ ਦੀ ਪ੍ਰਤੀਸ਼ਸਤ ਦਰਸਾਉਂਦੇ ਹਨ।*

ਸਕਲ ਰਾਜ ਘਰੇਲੂ ਉਤਪਾਦ ਸਾਲ 2023-24 ਦੇ ਮੁਕਾਬਲੇ 2024-25 ਵਿੱਚ 9 ਪ੍ਰਤੀਸ਼ਤ ਵਧਿੱਆ ਜਦੋਂ ਕਿ ਮਾਲੀਆ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ 4.5 ਪ੍ਰਤੀਸ਼ਤ ਵਧੀ।

## ਮਾਲੀਆ ਪ੍ਰਾਪਤੀਆਂ ਦਾ ਰੁਝਾਨ





## 2.3 ਕਰ ਆਮਦਨ

*(₹ ਕਰੋੜ ਵਿੱਚ)*

| ਉਪ ਖੇਤਰ ਵਾਰ ਕਰ ਆਮਦਨ | | | | | |
|---|---|---|---|---|---|
| ਉਪ ਖੇਤਰ | 2020-21 | 2021-22 | 2022-23 | 2023-24 | 2024-25 |
| ਵਸਤੂ ਅਤੇ ਸੇਵਾ ਕਰ | 14,998 | 20,122 | 22,977 | 27,119 | 30,351 |
| ਆਮਦਨ ਅਤੇ ਖਰਚ ਤੇ ਕਰ | 6,616 | 9,032 | 11,532 | 13,369 | 15,204 |
| ਜਾਇਦਾਦ ਅਤੇ ਪੂੰਜੀਗਤ ਲੈਣ ਦੇਣ ਤੇ ਕਰ | 2,538 | 3,393 | 4,319 | 4,456 | 5,889 |
| ਵਸਤਾਂ ਅਤੇ ਸੇਵਾਵਾਂ ਤੇ ਕਰ | 16,539 | 20,068 | 20,579 | 22,718 | 25,604 |
| ਕੁਲ ਕਰ ਆਮਦਨ | 40,691 | 52,615 | 59,407 | 67,662 | 77,048 |

## ਉਪ-ਖੇਤਰ ਵਾਰ ਕਰ ਆਮਦਨ ਦਾ ਰੁਝਾਨ




### 2.3.1 ਰਾਜ ਦੀ ਆਪਣੀ ਕਰ ਆਮਦਨ ਵਸੂਲੀ ਦਾ ਨਿਸ਼ਪਾਦਨ

ਰਾਜ ਸਰਕਾਰ ਦੇ ਕਰ ਆਮਦਨ ਦੇ ਦੋ ਸਰੋਤ ਹਨ ਜਿਵੇਂ ਰਾਜ ਦੀ ਆਪਣੀ ਕਰ ਵਸੂਲੀ ਅਤੇ ਕੇਂਦਰੀ ਕਰਾਂ ਦੀ ਵੰਡ

(₹ ਕਰੋੜ ਵਿੱਚ)

| | ਸਕਲ ਰਾਜ ਘਰੇਲੂ ਉਤਪਾਦ* | ਕਰ ਆਮਦਨ | ਕੇਂਦਰੀ ਕਰਾਂ ਵਿੱਚ ਰਾਜ ਦਾ ਹਿੱਸਾ | ਰਾਜ ਦੀ ਆਪਣੀ ਕਰ ਆਮਦਨ: ਰਕਮ | ਰਾਜ ਦੀ ਆਪਣੀ ਕਰ ਆਮਦਨ: ਸਕਲ ਰਾਜ ਘਰੇਲੂ ਉਤਪਾਦ ਦੀ ਪ੍ਰਤੀਸ਼ਸਤਾ |
|---|---|---|---|---|---|
| 2020-21 | 5,40,853 | 40,691 | 10,638 | 30,053 | 6 |
| 2021-22 | 6,27,717 | 52,615 | 15,288 | 37,327 | 6 |
| 2022-23 | 6,92,519 | 59,407 | 17,164 | 42,243 | 6 |
| 2023-24 | 7,71,743 | 67,662 | 20,410 | 47,252 | 6 |
| 2024-25 | 8,38,636 | 77,048 | 23,254 | 53,794 | 6 |

* *ਪੈਰਾ 1.5.1 ਦੇ ਨੀਚੇ ਨੋਟ ਅਨੁਸਾਰ*

## 2.4 ਕਰ ਵਸੂਲੀ ਦੀ ਕਾਰਜਕੁਸ਼ਲਤਾ

ੳ. ਜਾਇਦਾਦ ਅਤੇ ਪੂੰਜੀਗਤ ਲੈਣ ਦੇਣ ਤੇ ਕਰ

*(₹ ਕਰੋੜ ਵਿੱਚ)*

| ਹਿੱਸੇ | 2020-21 | 2021-22 | 2022-23 | 2023-24 | 2024-25 |
|---|---|---|---|---|---|
| ਮਾਲੀਆ ਵਸੂਲੀ | 2,538 | 3,393 | 4,319 | 4,456 | 889 |
| ਵਸੂਲੀ ਦੇ ਖਰਚ | 173 | 194 | 242 | 218 | 218 |
| ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਤਤਾ | 7 | 6 | 6 | 5 | 4 |

ਅ. ਵਸਤਾਂ ਅਤੇ ਸੇਵਾਵਾਂ ਤੇ ਕਰ

*(₹ ਕਰੋੜ ਵਿੱਚ)*

| ਹਿੱਸੇ | 2020-21 | 2021-22 | 2022-23 | 2023-24 | 2024-25 |
|---|---|---|---|---|---|
| ਮਾਲੀਆ ਵਸੂਲੀ | 16,539 | 20,068 | 20,579 | 22,718 | 25,604 |
| ਵਸੂਲੀ ਦੇ ਖਰਚ | 250 | 264 | 302 | 306 | 848 |
| ਕਰ ਵਸੂਲੀ ਨਿਪੁੰਨਤਾ ਦੀ ਪ੍ਰਤੀਸ਼ਤਤਾ | 2 | 1 | 1 | 1 | 3 |

## 2.5 ਕੇਂਦਰੀ ਕਰਾਂ/ਡਿਊਟੀ ਵਿੱਚ ਰਾਜ ਦੇ ਹਿੱਸੇ ਦਾ ਰੁਝਾਨ

*(₹ ਕਰੋੜ ਵਿੱਚ)*

| ਹਿੱਸੇ | 2020-21 | 2021-22 | 2022-23 | 2023-24 | 2024-25 |
|---|---|---|---|---|---|
| ਕੇਂਦਰੀ ਵਸਤੂ ਅਤੇ ਸੇਵਾ ਕਰ | 3,179 | 4,580 | 4,849 | 6,194 | 6,792 |
| ਇੰਟੀਗ੍ਰੇਟਿਡ ਵਸਤੂ ਅਤੇ ਸੇਵਾ ਕਰ | .. | .. | .. | .. | .. |
| ਨਿਗਮ ਕਰ | 3,197 | 4,162 | 5,757 | 6,126 | 6,598 |
| ਨਿਗਮ ਕਰਾਂ ਤੋਂ ਇਲਾਵਾ ਆਮਦਨ ਤੇ ਕਰ | 3,276 | 4,714 | 5,616 | 7,075 | 8,415 |
| ਸੰਪਤੀ ਤੇ ਕਰ | .. | .. | .. | .. | .. |
| ਕੇਂਦਰੀ ਕਰਾਧਾਨ ਕਰ | .. | 1 | .. | .. | .. |
| ਕੇਂਦਰੀ ਆਬਕਾਰੀ ਕਰ | 577 | 1,091 | 675 | 715 | 1,183 |
| ਸੇਵਾ ਕਰ | 359 | 557 | 212 | 271 | 228 |
| ਵਸਤਾਂ ਅਤੇ ਸੇਵਾਵਾਂ ਤੇ ਹੋਰ ਕਰ | 43 | 167 | 27 | 4 | 1 |
| | 7 | 16 | 28 | 25 | 37 |
| *ਕੇਂਦਰੀ ਕਰਾਂ ਵਿੱਚ ਰਾਜ ਦਾ ਕੁੱਲ ਹਿੱਸਾ* | **10,638** | **15,288** | **17,164** | **20,410** | **23,254** |
| *ਕੁੱਲ ਕਰ ਆਮਦਨ* | **40,691** | **52,615** | **59,407** | **67,662** | **77,048** |
| ਕੁਲ ਕਰ ਆਮਦਨ ਵਿੱਚ ਕੇਂਦਰੀ ਕਰਾਂ ਦੀ ਪ੍ਰਤੀਸ਼ਤਤਾ | 26 | 29 | 29 | 30 | 30 |


## 2.6 ਅਨੁਦਾਨ ਸਹਾਇਤਾ

ਅਨੁਦਾਨ ਸਹਾਇਤਾ ਭਾਰਤ ਸਰਕਾਰ ਵਲੋਂ ਪ੍ਰਾਪਤ ਸਹਾਇਤਾ ਨੂੰ ਦਰਸਾਉਂਦੀ ਹੈ, ਇਸ ਵਿਚ ਕੇਂਦਰ ਪ੍ਰਯੋਜਿਤ ਯੋਜਨਾ ਸਕੀਮਾਂ ਦੀਆਂ ਗ੍ਰਾਂਟ ਕੇਂਦਰ ਪ੍ਰਯੋਜਿਤ ਸਕੀਮਾ ਵਿੱਤ ਕਮੀਸ਼ਨ ਗ੍ਰਾਂਟਾ ਅਤੇ ਹੋਰ ਤਬਦੀਲੀ / ਗ੍ਰਾਂਟਾ ਸਾਮਿਲ ਹਨ। ਸਾਲ 2024-25 ਵਿਚ ਕੁੱਲ ₹ 9,882 ਕਰੋੜ ਦੀ ਅਨੁਦਾਨ ਸਹਾਇਤਾ ਪ੍ਰਾਪਤ ਹੋਈ ਜਿਸਦਾ ਵੇਰਵਾ ਹੇਠਾਂ ਦਿਤਾ ਗਿਆ ਹੈ :

*(₹ ਕਰੋੜ ਵਿੱਚ)*

| ਹਿੱਸੇ | ਰਕਮ |
|---|---|
| ਕੇਂਦਰ ਪ੍ਰਯੋਜਿਤ ਯੋਜਨਾ ਸਕੀਮਾਂ | (-) 2 |
| ਕੇਂਦਰ ਪ੍ਰਯੋਜਿਤ ਸਕੀਮਾਂ | 4,372 |
| ਵਿੱਤ ਕਮੀਸ਼ਨ ਗ੍ਰਾਂਟ | 4,903 |
| ਹੋਰ ਤਬਦੀਲੀ/ਰਾਜ ਨੂੰ ਸਹਾਇਤਾ/ਸੰਘ ਖੇਤਰ ਵਿਧਾਨ ਸਭਾ | 609 |
| **ਕੁਲ ਅਨੁਦਾਨ ਸਹਾਇਤਾ** | **9,882** |

### ਅਨੁਦਾਨ ਸਹਾਇਤਾ ਦੇ ਹਿੱਸੇ




## 2.7 ਸਾਰਵਜਨਿਕ ਕਰਜ਼ੇ

(₹ ਕਰੋੜ ਵਿੱਚ)

| ਸਾਲ | 2020-21 | 2021-22 | 2022-23 | 2023-24 | 2024-25 |
|---|---|---|---|---|---|
| ਅੰਦਰੂਨੀ ਕਰਜ਼ੇ | 20,732 | 9,803 | 30,775 | 29,994 | 32,534 |
| ਕੇਂਦਰੀ ਕਰਜ਼ੇ | 8,329 | 12,094 | 393 | -412 | 1,869 |
| ਕੁੱਲ | 29,061 | 21,897 | 31,168 | 29,582 | 34,403 |

*ਨੋਟ : ਮਨਫੀ ਰਕਮ ਪ੍ਰਾਪਤੀਆਂ ਨਾਲੋਂ ਅਦਾਇਗੀ ਦੇ ਵੱਧ ਨੂੰ ਦਰਸਾਉਂਦੀ ਹੈ।*

### ਸਾਰਵਜਨਿਕ ਕਰਜੇ





ਸਾਲ 2024-25 ਦੌਰਾਨ ਕੁੱਲ ₹ 40,828 ਕਰੋੜ ਦੇ ਕੁਲ 25 ਮਾਰਕੀਟ ਕਰਜੇ ਲਿੱਤੇ ਗਏ ਜਿਨਾਂ ਦੀ ਵਿਆਜ ਦਰ 7.08 ਪੜ੍ਹੀਸ਼ਤ ਤੋਂ 7.55 ਪ੍ਰਤੀਸ਼ਤ ਹੈ, ਜਿਨਾਂ ਦੀ ਮਿਆਦ ਸਾਲ 2032, 2037, 2044, 2045ਅਤੇ 2049ਵਿੱਚ ਪੂਰੀ ।ਹੋਣਗੀ

ਸਾਲ 2024-25 ਵਿੱਚ ਰਾਜ ਸਰਕਾਰ ਨੇ₹ 1,11,402 ਕਰੋੜ ਦੇ ਅੰਦਰੂਨੀ ਕਰਜ਼ੇ ਅਤੇ ₹2,516 ਕਰੋੜ ਦੇ ਕੇਂਦਰ ਤੋਂ ਕਰਜ਼ੇ ਦੇ ਵਿਰੁੱਧ ਪੂੰਜੀਗਤ ਖਰਚਾ ਸਿਰਫ ₹ 6,876 ਕਰੋੜ (ਕੁੱਲ ਕਰਜ਼ੇ ਦਾ 6 ਪ੍ਰਤੀਸ਼ਤ) ਹੀ ਕੀਤਾ ਗਿਆ। ਇਸਤੋਂ ਪਤਾ ਲਗਦਾ ਹੈ ਕਿ ਸਾਰਵਜਨਿਕ ਕਰਜ਼ੇ ਬਿਨਾ ਪਰਗਤੀ ਵਾਲੇ ਕੰਮ ਲਈ ਹੀ ਵਰਤੇ ਗਏ।

### 2.7.1 ਪੂੰਜੀਗਤ ਖਰਚੇ ਤੇ ਉਧਾਰ ਲਏ ਫੰਡਾਂ ਵਿੱਚ ਅਨੁਪਾਤ

*(₹ ਕਰੋੜ ਵਿੱਚ)*

| ਸਾਲ | ਉਧਾਰ ਲਏ ਫੰਡ | ਪੂੰਜੀਗਤ ਖਰਚਾ |
|---|---|---|
| 2020-21 | 63,695 | 4,382 |
| 2021-22 | 41,175 | 8,010 |
| 2022-23 | 89,544 | 6,667 |
| 2023-24 | 1,03,034 | 4,743 |
| 2024-25 | 1,13,918 | 6,876 |




ਆਰਥਿਕ ਅਤੇ ਸਮਾਜਿਕ ਢਾਂਚੇ ਦੀ ਰਚਨਾ/ਬਣਤਰ ਲਈ ਪੂੰਜੀ/ਸੰਪਤੀ ਲਈ ਆਮ ਤੌਰ ਤੇ ਸਰਕਾਰਾਂ ਵਿੱਤੀ ਘਾਟੇ ਜਾਂ ਉਧਾਰ ਫੰਡਾਂ ਨੂੰ ਚਾਲੂ ਰਖਦੀਆਂ ਹਨ। ਪੂੰਜੀਗਤ ਸੰਪਤੀ ਬਨਾਉਣ ਲਈ ਉਧਾਰ ਫੰਡਾਂ ਦਾ ਪੂਰਾ ਪ੍ਰਯੋਗ ਹੋਣਾ ਚਾਹੀਦਾ ਹੈ ਅਤੇ ਮਾਲੀਆ ਪ੍ਰਾਪਤੀਆਂ ਦਾ ਪ੍ਰਯੋਗ ਮੂਲ ਅਤੇ ਵਿਆਜ ਦੀ ਅਦਾਇਗੀ ਲਈ ਹੋਣਾ ਚਾਹੀਦਾ ਹੈ। ਫਿਰ ਵੀ ਸਰਕਾਰ ਨੇ ਇਸ ਸਾਲ ₹1,13,918 ਕਰੋੜ ਦੇ ਉਧਾਰ ਵਿੱਚੋਂ ਸਿਰਫ ₹ 6,876 ਕਰੋੜ ( 5 ਪ੍ਰਤੀਸ਼ਤ) ਪੂੰਜੀਗਤ ਖਰਚਾ ਕੀਤਾ। ਇਸਤੋਂ ਜਾਪਦਾ ਹੈ ਕਿ ਸਰਵਜਨਿਕ ਕਰਜੇ ਦਾ 94 ਪ੍ਰਤੀਸ਼ਤ ₹1,07,042 ਕਰੋੜ ਪਿਛਲੇ ਸਾਲ ਦੇ ਸਰਵਜਨਿਕ ਕਰਜੇ ਦੇ ਮੂਲ ਤੇ ਵਿਆਜ ਦੀ ਅਦਾਇਗੀ ਲਈ ਅਤੇ ਇਸ ਸਾਲ ਦੇ ਖਰਚੇ ਅਤੇ ਪ੍ਰਾਪਤੀਆਂ ਦੇ ਘਾਟੇ ਨੂੰ ਦਰੁਸਤ ਕਰਨ ਲਈ ਖਰਚ ਕੀਤਾ।

# ਅਧਿਆਇ III

# ਖਰਚੇ

## 3.1 ਭੂਮਿਕਾ

ਖਰਚ ਨੂੰ ਮਾਲੀਆ ਅਤੇ ਪੂੰਜੀਗਤ ਖਰਚ ਵਿੱਚ ਵੰਡਿਆ ਗਿਆ ਹੈ। ਮਾਲੀਆ ਖਰਚ ਸੰਗਠਨਾਂ ਦੇ ਹਰ ਰੋਜ਼ ਦੇ ਖਰਚਿਆਂ ਦੀ ਪੂਰਤੀ ਲਈ ਹੁੰਦਾ ਹੈ। ਪੂੰਜੀਗਤ ਖਰਚਾ ਸਥਾਈ ਸੰਪਦਾ ਪੈਦਾ ਕਰਨ ਲਈ ਜਾਂ ਸਥਾਈ ਸੰਪਦਾਵਾਂ ਦਾ ਉਪਯੋਗ ਵਧਾਉਣ ਲਈ ਜਾ ਸਥਾਈ ਦੇਣਦਾਰੀਆਂ ਨੂੰ ਘਟਾਉਣ ਲਈ ਕੀਤਾ ਜਾਂਦਾ ਹੈ।

**ਆਮ ਸੇਵਾਵਾਂ** : ਆਮ ਸੇਵਾਵਾਂ ਵਿੱਚ ਨਿਆਂ, ਪੁਲੀਸ, ਜੇਲ, ਪੀ.ਡਬਲਯੂ.ਡੀ ਪੈਨਸ਼ਨ ਆਦਿ ਸ਼ਾਮਲ ਹਨ।

**ਸਮਾਜਿਕ ਸੇਵਾਵਾਂ** : ਸਮਾਜਿਕ ਸੇਵਾਵਾਂ ਵਿੱਚ ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਪਾਣੀ ਸਪਲਾਈ ਅਤੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੀ ਭਲਾਈ ਅਦਿ ਸ਼ਾਮਲ ਹੈ।

**ਆਰਥਿਕ ਸੇਵਾਵਾਂ** : ਆਰਥਿਕ ਸੇਵਾਵਾਂ ਵਿੱਚ ਖੇਤੀਬਾੜੀ, ਪੇਂਡੂ ਵਿਕਾਸ, ਸਿੰਚਾਈ, ਸਹਿਕਾਰਤਾ, ਊਰਜਾ, ਉਦਯੋਗ, ਟ੍ਰਾਂਸਪੋਰਟ ਆਦਿ ਸ਼ਾਮਲ ਹਨ।

## 3.2 ਮਾਲੀਆ ਖਰਚਾ

ਸਾਲ 2024-25 ਵਿੱਚ ₹1,25,776 ਕਰੋੜ ਦਾ ਮਾਲੀਆ ਖਰਚ ਹੋਇਆ ਜੋ ਕਿ ਬਜ਼ਟ ਅਨੁਮਾਨਾਂ ਤੋਂ ₹ 1,358 ਕਰੋੜ ਵਾਧੂ ਹੈ।

ਮਾਲੀਆ ਸੈਕਸ਼ਨ ਵਿੱਚ ਬਜਟ ਅਨੁਮਾਨ ਦੇ ਮੁਕਾਬਲੇ ਖਰਚ ਵਿੱਚ ਅੰਤਰ ਦਾ ਪਿਛਲੇ 5 ਸਾਲਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

*(₹ ਕਰੋੜ ਵਿੱਚ)*


| ਹਿੱਸੇ | 2020-21 | 2021-22 | 2022-23 | 2023-24 | 2024-25 |
|---|---|---|---|---|---|
| ਬਜਟ ਅਨੁਮਾਨ | 95,716 | 1,03,880 | 1,07,932 | 1,07,932 | 1,27,134 |
| ਅਸਲ ਖਰਚ | 86,345 | 96,636 | 1,13,661 | 1,17,407 | 1,25,776 |
| ਅੰਤਰ | 9,371 | 7,244 | (-)5,729 | (-)9,475 | 1,358 |
| **ਬਜਟ ਅਨੁਮਾਨਾਂ ਤੇ ਅੰਤਰ ਦੀ ਪ੍ਰਤੀਸ਼ਤਤਾ** | **10** | **7** | **(-)5** | **(-)9** | **1** |

### 3.2.1 ਮਾਲੀਆ ਖਰਚੇ ਦੀ ਸੈਕਟਰਵਾਰ ਵੰਡ (2024-25)


*(₹ ਕਰੋੜ ਵਿੱਚ)*

| ਲੜੀ ਨੰ | ਹਿੱਸੇ | ਰਕਮ | ਮਾਲੀਆ ਖਰਚ ਨਾਲ ਪ੍ਰਤੀਸ਼ਸਤਾ |
|---|---|---|---|
| ੳ. | ਆਮ ਸੇਵਾਵਾਂ | 58,182 | 46 |
| ੳ 1. | ਰਾਜ ਦੇ ਅੰਗ | 1,697 | 1 |
| ੳ 2. | ਵਿੱਤੀ ਸੇਵਾਵਾਂ | 1,083 | 1 |
| ੳ 3. | ਵਿਆਜ ਅਦਾਇਗੀ ਅਤੇ ਕਰਜੇ ਦੀ ਅਦਾਇਗੀ | 24,621 | 20 |
| ੳ 4. | ਪ੍ਰਸ਼ਾਸਨਿਕ ਸੇਵਾਵਾਂ | 10,369 | 8 |
| ੳ 5. | ਪੈਨਸ਼ਨ ਅਤੇ ਫੁਟਕਲ ਆਮ ਸੇਵਾਵਾਂ | 20,412 | 16 |
| ਅ. | ਸਮਾਜਿਕ ਸੇਵਾਵਾਂ | 34,280 | 27 |
| ੲ. | ਆਰਥਿਕ ਸੇਵਾਵਾਂ | 28,293 | 23 |
| ਸ. | ਅਨੁਦਾਨ ਸਹਾਇਤਾ ਅਤੇ ਅੰਸ਼ਦਾਨ | 5,021 | 4 |
| | ਕੁੱਲ | 1,25,776 | 100 |

*(₹ ਕਰੋੜ ਵਿੱਚ)*



### 3.2.2 ਮਾਲੀਆ ਖਰਚ ਦੇ ਮੁੱਖ ਹਿੱਸਿਆਂ ਦਾ ਰੁਝਾਨ




## 3.3 ਪੂੰਜੀਗਤ ਖਰਚੇ

ਸਾਲ 2024-25 ਵਿੱਚ ਪੂੰਜੀਗਤ ਭੁਗਤਾਨ ਸਕਲ ਰਾਜ ਘਰੇਲੂ ਉਤਪਾਦ ਦਾ 1 ਪ੍ਰਤੀਸ਼ਤ ਹੋਇਆ ਜੋ ਕਿ ਬਜਟ ਅਨੁਮਾਨ ਤੋਂ ₹747 ਕਰੋੜ ਘੱਟ ਸੀ।

### 3.3.1 ਪੂੰਜੀਗਤ ਖਰਚੇ ਦੀ ਸੈਕਟਰਵਾਰ ਵੰਡ

*(₹ ਕਰੋੜ ਵਿੱਚ)*


| ਲੜੀ ਨੰ. | ਭਾਗ | ਰਕਮ (₹ ਕਰੋੜ ਵਿੱਚ) | ਪ੍ਰਤੀਸ਼ਤਤਾ |
|---|---|---|---|
| ੳ. | ਆਮ ਸੇਵਾਵਾਂ- ਪੁਲਿਸ, ਲੋਕ ਨਿਰਮਾਣ ਆਦਿ | 328 | 5 |
| ਅ. | ਸਮਾਜਿਕ ਸੇਵਾਵਾਂ- ਸਿੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਜਲ ਪੂਰਤੀ ਅਤੇ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਆਦਿ ਦੀ ਭਲਾਈ | 2,705 | 38 |
| ੲ. | ਆਰਥਿਕ ਸੇਵਾਵਾਂ- ਖੇਤੀਬਾੜੀ, ਦਿਹਾਤੀ ਵਿਕਾਸ, ਸਿੰਚਾਈ, ਸਹਿਕਾਰਤਾ ਊਰਜਾ, ਉਦਯੋਗ ਅਤੇ ਆਵਾਜਾਈ ਆਦਿ | 3,843 | 53 |
| ਸ. | ਕਰਜ਼ੇ ਅਤੇ ਪੇਸ਼ਗੀਆਂ ਦਾ ਭੁਗਤਾਨ | 294 | 4 |
| | ਕੁੱਲ | 7,170 | 100 |

### 3.3.2 ਪਿਛਲੇ 5 ਸਾਲਾਂ ਦੌਰਾਨ ਪੂੰਜੀਗਤ ਖਰਚੇ ਦੀ ਖੇਤਰ ਵਾਰ ਵੰਡ

(₹ ਕਰੋੜ ਵਿੱਚ)

| ਸਾਲ | ਆਮ ਸੇਵਾਵਾਂ | ਸਮਾਜਿਕ ਸੇਵਾਵਾਂ | ਆਰਥਿਕ ਸੇਵਾਵਾਂ | ਕਰਜ ਅਤੇ ਪੇਸ਼ਗੀਆਂ | ਕੁੱਲ |
|---|---|---|---|---|---|
| 2020-21 | 211 | 2,251 | 1,920 | 956 | 5,338 |
| 2021-22 | 264 | 2,911 | 4,835 | 1,576 | 9,586 |
| 2022-23 | 225 | 4,041 | 2,401 | 1,382 | 8,049 |
| 2023-24 | 259 | 2,205 | 2,279 | 196 | 4,939 |
| 2024-25 | 328 | 2,705 | 3,843 | 294 | 7,170 |

## ਪੂੰਜੀਗਤ ਖਰਚੇ ਦੀ ਖੇਤਰਵਾਰ ਵੰਡ





## 3.4 ਬਚਨਬੱਧ ਖਰਚੇ

(₹ ਕਰੋੜ ਵਿੱਚ)

| ਸਾਲ | ਤਨਖਾਹ | ਵਿਆਜ | ਪੈਨਸ਼ਨ | ਕੁੱਲ |
|---|---|---|---|---|
| 2020-21 | 21,198 | 18,152 | 14,777 | 54,127 |
| 2021-22 | 23,683 | 19,063 | 14,737 | 57,483 |
| 2022-23 | 27,584 | 19,905 | 18,221 | 65,710 |
| 2023-24 | 28,475 | 22,552 | 20,096 | 71,123 |
| 2024-25 | 28,997 | 24,622 | 20,247 | 73,866 |

## ਬਚਨਬੱਧ ਖਰਚੇ ਦਾ ਰੁਝਾਨ




### ਪ੍ਰਤੀਬੱਧ ਖਰਚੇ ਬਨਾਮ ਮਾਲੀਆ ਖਰਚੇ ਅਤੇ ਮਾਲੀਆ ਪ੍ਰਾਪਤੀਆਂ

*(₹ ਕਰੋੜ ਵਿੱਚ)*

| ਹਿੱਸੇ | 2020-21 | 2021-22 | 2022-23 | 2023-24 | 2024-25 |
|---|---|---|---|---|---|
| ਪ੍ਰਤੀਬੱਧ ਖਰਚੇ | 54,127 | 57,483 | 65,710 | 71,123 | 73,866 |
| ਮਾਲੀਆ ਪ੍ਰਾਪਤੀਆਂ | 69,048 | 78,168 | 87,616 | 89,192 | 93,207 |
| ਪ੍ਰਤੀਬੱਧ ਖਰਚੇ ਤੇ ਮਾਲੀਆ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ | 78 | 74 | 75 | 80 | 79 |
| ਮਾਲੀਆ ਖਰਚੇ | 86,345 | 96,636 | 1,13,661 | 1,17,407 | 1,25,776 |
| ਪ੍ਰਤੀਬੱਧ ਖਰਚੇ ਤੇ ਮਾਲੀਆ ਖਰਚੇ ਦੀ ਪ੍ਰਤੀਸ਼ਤਤਾ | 63 | 60 | 58 | 61 | 59 |

ਪ੍ਰਤੀਬੱਧ ਖਰਚੇ ਦਾ ਉਪਰ ਵੱਲ ਰੁਝਾਨ ਸਰਕਾਰ ਦੇ ਵਿਕਾਸ ਖੇਤਰ ਲਈ ਘੱਟ ਲਚਕਤਾ ਦਰਸਾਉਂਦਾ ਹੈ।

# ਅਧਿਆਇ IV

# ਨਮਿੱਤਣ ਲੇਖੇ

## 4.1 ਸਾਲ 2024-25ਲਈ ਨਮਿੱਤਣ ਲੇਖਿਆਂ ਦਾ ਸਾਰ

*(₹ ਕਰੋੜ ਵਿੱਚ)*

| ਲੜੀ ਨੰ. | ਖਰਚ ਦੀ ਕਿਸਮ | ਮੂਲ ਗ੍ਰਾਂਟ | ਅਨੁਪੂਰਕ ਗ੍ਰਾਂਟ | ਕੁਲ | ਅਸਲ ਖਰਚ | ਬਚਤ (–) ਵਧੀਕ (+) |
|---|---|---|---|---|---|---|
| 1. | **ਮਾਲੀਆ ਖਰਚ**<br>ਵੋਟਿਡ<br>ਚਾਰਜਡ | 1,02,879<br>23,255 | 8,092<br>80 | 1,10,971<br>24,335 | 1,01,111<br>24,951 | (-)9,860<br>(+)616 |
| 2. | **ਪੂੰਜੀਗਤ ਖਰਚੇ**<br>ਵੋਟਿਡ | 7,445<br>– | 2,847<br>3 | 10,292<br>3 | 7,042<br>3 | (-)3,250<br>– |
| 3. | **ਸਾਰਵਜਨਿਕ ਕਰਜੇ**<br>ਚਾਰਜਡ | 69,867 | 14,250 | 84,117 | 79,515 | (-)14,602 |
| 4. | **ਕਰਜੇ ਅਤੇ ਪੇਸ਼ਗੀਆਂ**<br>ਵੋਟਿਡ | 472 | 60 | 532 | 196 | (-)247 |
| | **ਕੁਲ** | **2,04,918** | **25,332** | **2,30,250** | **2,12,907** | **(-)17,343** |

## 4.2 ਪਿਛਲੇ ਪੰਜ ਸਾਲਾਂ ਦੌਰਾਨ ਬਚਤ/ਵਧੀਕ ਦਾ ਰੁਝਾਨ

*(₹ ਕਰੋੜ ਵਿੱਚ)*

| ਬਚਤ (–) ਵਧੀਕ (+) | | | | | |
|---|---|---|---|---|---|
| ਸਾਲ | ਮਾਲੀਆ | ਪੂੰਜੀਗਤ | ਸਾਰਵਜਨਿਕ ਕਰਜ | ਕਰਜ਼ੇ ਤੇ ਪੇਸ਼ਗੀਆਂ | ਕੁਲ |
| 2020-21 | (-)14,778 | (-)5,741 | (-)13,294 | (-)106 | (-)33,919 |
| 2021-22 | (-)15,255 | (-)7,916 | (-)29,234 | (-)430 | (-)52,835 |
| 2022-23 | (-)5,308 | (-)5,510 | (-)1,570 | (-)42 | (-)12,430 |
| 2023-24 | (-)9,266 | (-)5,801 | 3,826 | (-)887 | (-)12,128 |
| 2024-25 | (-)9,244 | (-)3,250 | (-)4,602 | (-)247 | (-)17,343 |

## 4.3 ਮਹੱਤਵਪੂਰਨ ਬੱਚਤਾਂ

ਕੁੱਝ ਸਕੀਮਾਂ/ਪ੍ਰੋਗਰਾਮਾਂ ਵਿੱਚ ਵਾਧੂ ਬੱਚਤਾਂ ਇਹ ਦਰਸਾਉਂਦੀਆਂ ਹਨ ਕਿ ਇਹ ਸਕੀਮਾਂ/ਪ੍ਰੋਗਰਾਮ ਜਾਂ ਤਾਂ ਹੋਲੀ ਲਾਗੂ ਹੋਏ ਜਾਂ ਬਿਲਕੁਲ ਲਾਗੂ ਨਹੀਂ ਹੋਏ।

ਲਗਾਤਾਰ ਅਤੇ ਮਹੱਤਵਪੂਰਣ ਬੱਚਤਾਂ ਵਾਲੀਆਂ ਕੁੱਝ ਅਨੁਦਾਨਾਂ ਹੇਠ ਲਿਖੀਆਂ ਹਨ:

ਪ੍ਰਤੀਸ਼ਸਤਾ

| ਅਨੁਦਾਨ ਨੰ | ਅਨੁਦਾਨ ਦਾ ਨਾਮ | 2020-21 | 2021-22 | 2022-23 | 2023-24 | 2024-25 |
|---|---|---|---|---|---|---|
| | ਸਥਾਨਿਕ ਸਰਕਾਰ | 36 | 50 | 30 | 51 | 33 |
| | ਪੇਂਡੂ ਵਿਕਾਸ ਅਤੇ ਪੰਚਾਇਤ | 36 | 61 | 46 | 41 | 42 |
| | ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ | 45 | 81 | 58 | 68 | 30 |
| | ਰੋਜਗਾਰ | 43 | 80 | 48 | 59 | 42 |
| | ਬਾਗਵਾਨੀ | 59 | 30 | 38 | 28 | 26 |
| | ਜਲ ਵਿਤਰਣ ਅਤੇ ਸਵੱਛਤਾ | 49 | 49 | 37 | 32 | 51 |

ਸਾਲ 2024-25 ਦੌਰਾਨ ਕੁੱਝ ਅਜਿਹੀਆਂ ਮੂਲ ਅਨੁਦਾਨਾਂ ਹਨ ਜਿਨ੍ਹਾਂ ਵਿੱਚ ਕਾਫੀ ਬੱਚਤ ਹੋਈ ਫੇਰ ਵੀ ₹25,332 ਕਰੋੜ ਦੀਆਂ ਅਨੁਪੂਰਕ ਅਨੁਦਾਨਾਂ ਦਾ ਗੈਰ ਜ਼ਰੂਰੀ ਪ੍ਰਾਵਧਾਨ ਕੀਤਾ ਗਿਆ।

ਕੁੱਝ ਉਦਾਹਰਣ ਹੇਠਾਂ ਲਿਖੇ ਹਨ:

*(₹ ਕਰੋੜ ਵਿੱਚ)*

| ਅਨੁਦਾਨ ਨੰ. | ਅਨੁਦਾਨ ਦਾ ਨਾਮ | ਭਾਗ | ਮੂਲ | ਅਨੁਪੂਰਕ | ਅਸਲ ਖਰਚਾ |
|---|---|---|---|---|---|
| 5 | ਸਿੱਖਿਆ | ਪੂੰਜੀਗਤ (ਵ) | 11,912 | 675 | 11,052 |
| 09 | ਭੋਜਨ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ | ਮਾਲੀਆ (ਵ) | 484 | 112 | 411 |
| 11 | ਸਿਹਤ ਅਤੇ ਪਰਿਵਾਰ ਭਲਾਈ | ਮਾਲੀਆ (ਵ) | 3,061 | 556 | 2,473 |
| 25 | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ | ਮਾਲੀਆ (ਵ) | 7,791 | 320 | 7,688 |
| 41 | ਜਲ ਵਿਤਰਣ ਅਤੇ ਸਵੱਛਤਾ | ਮਾਲੀਆ (ਵ) | 532 | 145 | 421 |

ਸਾਲ ਦੇ ਅੰਤ ਵਿੱਚ ਅਨੁਪੂਰਕ ਵੰਡ ਤੋਂ ਬਾਅਦ ਵੀ ਵਾਧੂ ਖਰਚਾ ਹੋਣ ਤੇ ਅਨੁਦਾਨਾ ਦਾ ਉਦਾਹਰਨ ਹੇਠ ਲਿਖਿਆ ਹੈ :

| ਅਨੁਦਾਨ ਨੰ. | ਅਨੁਦਾਨ ਦਾ ਨਾਮ | ਭਾਗ | ਮੂਲ | ਅਨੁਪੂਰਕ | ਅਸਲ ਖਰਚਾ |
|---|---|---|---|---|---|
| 04 | ਰੱਖਿਆ ਸੇਵਾਵਾਂ ਭਲਾਈ | ਮਾਲੀਆ (ਵ) | 20,269 | 0 | 20,316 |
| 08 | ਵਿੱਤ | ਮਾਲੀਆ (ਵ) | 23,900 | 54 | 24,621 |
| 08 | ਵਿੱਤ | ਮਾਲੀਆ (ਸ) | 263 | 3 | 344 |

ਅਧਿਆਇ V


# ਸੰਪਦਾ ਅਤੇ ਦੇਣਦਾਰੀਆਂ

## 5.1 ਸੰਪਦਾ

ਲੇਖਿਆ ਦਾ ਮੌਜੂਦਾ ਰੂਪ ਸਰਕਾਰੀ ਸੰਪਦਾਵਾਂ ਜਿਵੇਂ ਜਮੀਨ, ਇਮਾਰਤਾਂ ਆਦਿ (ਪ੍ਰਾਪਤੀ ਜਾਂ ਖਰੀਦ ਦੇ ਸਾਲ ਨੂੰ ਛੱਡ ਕੇ) ਦਾ ਅਸਾਨੀ ਨਾਲ ਮੁਲਾਂਕਣ ਨਹੀਂ ਕਰਦਾ। ਇਸ ਤਰਾਂ ਲੇਖੇ ਮੌਜੂਦਾ ਸਾਲ ਵਿੱਚ ਹੋਣ ਵਾਲੀਆਂ ਦੇਣਦਾਰੀਆਂ ਦਾ ਅਸਰ ਤਾਂ ਦਰਸਾਉਂਦੇ ਹਨ, ਪਰ ਆਉਣ ਵਾਲੀਆਂ ਪੀੜ੍ਹੀਆਂ ਤੇ (ਵਿਆਜ ਦਰ ਅਤੇ ਕਰਜ਼ੇ ਦੀ ਮਿਆਦ ਨੂੰ ਛੱਡ ਕੇ) ਕੋਈ ਹੋਰ ਅਸਰ ਨਹੀਂ ਦਰਸਾਉਂਦੇ ਹਨ।

ਸਾਲ 2024-25 ਦੇ ਅੰਤ ਤਕ ਸਰਕਾਰ ਕੁੱਲ ਨਿਵੇਸ਼ ₹20,045 ਕਰੋੜ ਹਨ । ਸਾਲ ਦੌਰਾਨ ₹ 4 ਕਰੋੜ ਦਾ ਲਾਭਾਂਸ਼ ਪ੍ਰਾਪਤ ਹੋਇਆ । 2024-25 ਵਿੱਚ ਕੁੱਲ ₹ 6 ਲੱਖ ਦਾ ਵਿਨਿਵੇਸ਼ ਹੋਇਆ।

1 ਅਪ੍ਰੈਲ 2024 ਨੂੰ ਭਾਰਤੀ ਰਿਜ਼ਰਵ ਬੈਂਕ ਵਿੱਚ ₹192 ਕਰੋੜ ਨਕਦ ਬਕਾਇਆ ਸੀ ਅਤੇ 31 ਮਾਰਚ 2025 ਨੂੰ ₹206 ਕਰੋੜ ਸੀ।



## 5.2 ਕਰਜੇ ਅਤੇ ਦੇਣਦਾਰੀਆਂ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 293 ਰਾਜ ਸਰਕਾਰ ਰਾਜ ਵਿਧਾਨ ਸਭਾ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤਾ ਗਿਆ ਅਜਿਹੀਆਂ ਸੀਮਾਵਾਂ, ਜੇ ਕੋਈ ਹੋਵੇ, ਦੇ ਅੰਦਰ ਰਾਜ ਦੇ ਏਕੀਕ੍ਰਿਤ ਫੰਡ ਦੀ ਸੁਰੱਖਿਆ ਤੇ ਉਧਾਰ ਲੈਣ ਦਾ ਅਧਿਕਾਰ ਦਿੰਦਾ ਹੈ।

31 ਮਾਰਚ 2025 ਨੂੰ ₹ 3,34,510 ਕਰੋੜ ਦੇ ਬਕਾਇਆ ਸਾਰਵਜਨਿਕ ਕਰਜੇ ਸੀ ਜਿਸ ਵਿੱਚ ₹3,13,500 ਕਰੋੜ ਦੇ ਅੰਦਰੂਨੀ ਕਰਜੇ ਅਤੇ ₹ 21,010 ਕਰੋੜ ਦੇ ਕੇਂਦਰੀ ਸਰਕਾਰ ਤੋਂ ਲਿੱਤੇ ਗਏ ਕਰਜ਼ੇ ਤੇ ਪੇਸ਼ਗੀਆਂ ਸ਼ਾਮਲ ਹਨ। ₹ 45,444 ਕਰੋੜ ਦੀਆਂ ਹੋਰ ਦੇਣਦਾਰੀਆਂ ਸਾਰਵਜਨਿਕ ਲੇਖੇ ਦੇ ਅਧੀਨ ਹਨ।

ਰਾਜ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ ਅਤੇ ਡਿਪਾਜ਼ਿਟ ਆਦਿ ਦੇ ਸਬੰਧ ਵਿੱਚ ਇੱਕ ਬੈਂਕਰ ਅਤੇ ਟਰੱਸਟੀ ਵਜੋਂ ਵੀ ਕੰਮ ਕਰਦਾ ਹੈ। 2024-25 ਦੌਰਾਨ ਰਾਜ ਸਰਕਾਰ ਦੀਆਂ ਅਜਿਹੀਆਂ ਦੇਣਦਾਰੀਆਂ ਦੇ ਸਬੰਧ ਵਿੱਚ ਕੁੱਲ ਮਿਲਾ ਕੇ ₹ 5,340 ਕਰੋੜ ਦਾ ਵਾਧਾ ਹੋਇਆ ਕਰਜ਼ੇ ਅਤੇ ਹੋਰ ਦੇਣਦਾਰੀਆਂ ਤੇ ਵਿਆਜ ਦੀਆਂ ਅਦਾਇਗੀਆਂ ਕੁੱਲ ₹ 24,550 ਕਰੋੜ ਸੀ ਜੋਕਿ ₹1,25,776 ਕਰੋੜ ਦੇ ਮਾਲੀਆ ਖਰਚੇ ਦਾ 20 ਪ੍ਰਤੀਸ਼ਤ ਹੈ। ਸਾਰਵਜਨਿਕ ਕਰਜ਼ਿਆਂ ਦੇ ਵਿਆਜ ਦੀ ਅਦਾਇਗੀ ₹21,979 ਕਰੋੜ (₹ 21,718 ਕਰੋੜ ਦੇ ਅੰਦਰੂਨੀ ਕਰਜ਼ੇ ਅਤੇ ₹261 ਕਰੋੜ ਕੇਂਦਰੀ ਸਰਕਾਰ ਤੋਂ ਲਏ ਗਏ ਕਰਜ਼ੇ ਤੇ ਪੇਸ਼ਗੀਆਂ ਦੇ ਵਿਆਜ ਉਪਰ ਹਨ)। ਸਾਲ 2024-25 ਵਿੱਚ ਵਿਆਜ ਅਦਾਇਗੀਆਂ ਦੇ ਖਰਚੇ ਵਿੱਚ 2024-25ਦੇ ਮੁਕਾਬਲੇ ₹ 2,061 ਕਰੋੜ ਦਾ ਵਾਧਾ ਹੋਇਆ।

ਸਾਲ 2024-25ਦੇ ਦੌਰਾਨ ₹1,11,402 ਕਰੋੜ ਦੇ ਲਏ ਗਏ ਅੰਦਰੂਨੀ ਕਰਜ਼ੇ ਮੁੱਖ ਤੌਰ ਤੇ ਦੇਣਦਾਰੀਆਂ (₹ 78,867 ਕਰੋੜ ) ਅਤੇ ਵਿਆਜ ਦੀਆਂ ਅਦਾਇਗੀਆਂ (₹ 24,550 ਕਰੋੜ) ਲਈ ਵਰਤੇ ਗਏ।

ਸਾਰਵਜਨਿਕ ਕਰਜ਼ੇ ਅਤੇ ਰਾਜ ਸਰਕਾਰ ਦੀਆਂ ਕੁੱਲ ਦੇਣਦਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

*(₹ ਕਰੋੜ ਵਿੱਚ)*


| ਸਾਲ | ਜੀ ਐਸ ਡੀ ਪੀ* | ਸਾਰਵਜਨਿਕ ਕਰਜ਼ | ਜੀ ਐਸ ਡੀ ਪੀ ਨਾਲ ਪਤੀਸ਼ਤਤਾਂ | ਸਾਰਵਜਨਿਕ ਲੇਖੇ | ਜੀ ਐਸ ਡੀ ਪੀ ਨਾਲ ਪਤੀਸ਼ਤਤਾਂ | ਕੁੱਲ ਦੇਣਦਾਰੀਆਂ** | ਜੀ ਐਸ ਡੀ ਪੀ ਨਾਲ ਪਤੀਸ਼ਤਤਾਂ |
|---|---|---|---|---|---|---|---|
| 2020-21 | 5,40,853 | 2,23,394 | 41 | 36,007 | 7 | 2,59,426 | 48 |
| 2021-22 | 6,27,717 | 2,45,291 | 39 | 39,702 | 6 | 2,85,018 | 45 |
| 2022-23 | 6,92,519 | 2,76,459 | 40 | 44,441 | 6 | 3,20,925 | 46 |
| 2023-24 | 7,71,743 | 3,06,041 | 40 | 49,102 | 6 | 3,55,168 | 46 |
| 2024-25 | 8,38,636 | 3,34,510 | 40 | 54,910 | 7 | 3,89,445 | 46 |

* *ਪੈਰਾ 1.5.1 ਦੇ ਨੀਚੇ ਦਿੱਤੇ ਨੋਟ ਅਨੁਸਾਰ*

** *ਅਚੇਤ ਫੰਡ ਦੇ 25 ਕਰੋੜ ਰੁਪਏ ਸ਼ਾਮਲ ਹਨ*

ਪਿਛਲੇ ਪੰਜ ਸਾਲਾਂ ਵਿੱਚ ਨਿਰੋਲ ਦੇਣਦਾਰੀਆਂ ਵਿੱਚ ₹1,30,019 ਕਰੋੜ ( 50 ਪ੍ਰਤੀਸ਼ਤ) ਦਾ ਨਿਰੋਲ ਵਾਧਾ ਹੋਇਆ।

## ਸਰਕਾਰੀ ਦੇਣਦਾਰੀਆਂ ਦਾ ਰੁਝਾਨ




## 5.3 ਗਰੰਟੀਆਂ

ਸਾਲ 2024-25 ਵਿੱਚ ਰਾਜ ਸਰਕਾਰ ਦੁਆਰਾ ਵੱਧ ਤੋਂ ਵੱਧ ₹32,638 ਕਰੋੜ ਦੀ ਗਰੰਟੀ ਅਧਿਨਿਯਮਿਤ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਬੈਂਕਾਂ, ਸਥਾਨਕ ਸੰਸਥਾਵਾਂ ਦੁਆਰਾ ਲਏ ਕਰਜ਼ੇ ਦੀ ਵਾਪਸੀ ਲਈ ਦਿੱਤੀ ਗਈ ਜਦੋਂ ਕਿ 31 ਮਾਰਚ 2025 ਨੂੰ ₹18,639 ਕਰੋੜ ਦੀ ਰਕਮ ਬਕਾਇਆ ਸੀ। 2024-25 ਵਿੱਚ ₹109 ਕਰੋੜ ਦੀ ਰਕਮ ਗਰੰਟੀ ਫੀਸ ਵੱਜੋਂ ਪ੍ਰਾਪਤ ਹੋਣੀ ਸੀ। ਜਦਕਿ ਕੇਵਲ 2 ਅਦਾਰਿਆਂ ਵੱਲੋਂ ₹49ਕਰੋੜ ਦੀ ਗਰੰਟੀ ਫੀਸ ਦਿੱਤੀ ਗਈ।

(₹ ਕਰੋੜ ਵਿੱਚ)

| ਵਿੱਤੀ ਸਾਲ | ਵੱਧ ਤੋਂ ਵੱਧ ਦਿੱਤੀ ਗਈ ਗਰੰਟੀ | ਸਾਲ ਦੇ ਅੰਤ ਵਿੱਚ ਬਕਾਇਆ ਰਕਮ |
|---|---|---|
| 2020-21 | 23,170 | 23,552 |
| 2021-22 | 25,850 | 20,165 |
| 2022-23 | 27,809 | 20,208 |
| 2023-24 | 33,760 | 22,691 |
| 2024-25 | 32,638 | 18,639 |

# ਅਧਿਆਇ VI

# ਹੋਰ ਮੱਦਾ

## 6.1 ਵਸਤੂ ਅਤੇ ਸੇਵਾ ਟੈਕਸ (GST) :

ਸਾਲ 2024-25 ਦੌਰਾਨ ਰਾਜ ਮਾਲ ਅਤੇ ਸੇਵਾਂਵਾਂ ਕਰ (SGST) ਦੀ ਪ੍ਰਾਪਤੀ ₹23,559 ਕਰੋੜ ਹੋਈ, ਜਦੋਂ ਕਿ ਸਾਲ 2023-24 ਦੌਰਾਨ ਕੁਲੈਕਸ਼ਨ ₹20,925 ਕਰੋੜ ਜੋ ਕਿ ₹2,797 ਕਰੋੜ ਵਧ ਹੈ। ਇਸ ਤੇ ਇਲਾਵਾ ਰਾਜ ਵਲੋ 14 ਵੇਂ ਵਿਤ ਕਮੀਸਨ ਦੀਆਂ ਸਿਫਾਰਿਸ਼ਾਂ ਅਨੁਸਾਰ ਰੁਪਏ ₹ 6,792 ਕਰੋੜ ਰੁਪਏ CGST ਵਿਚੋ ਆਪਣਾ ਹਿਸਾ ਪ੍ਰਾਪਤ ਕੀਤਾ। GST ਅਧੀਨ ਕੁਲ ਪ੍ਰਾਪਤੀਆਂ ₹ 30,351ਕਰੋੜ ਰੁਪਏ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਸਾਲ 2024-25ਦੌਰਾਨ ₹405 ਕਰੋੜ ਰੁਪਏ GST ਲਾਗੂ ਹੋਣ ਕਾਰਨ ਹੋਏ ਨੁਕਸਾਨ ਵਜੋ ਪ੍ਰਾਪਤ ਹੋਏ।

## 6.2 ਬਕਾਇਆ ਬਿਉਰੇਵਾਰ ਅਗੇਤੇ ਸੰਭਾਵੀ ਬਿੱਲ :

ਡਰਾਇੰਗ ਅਤੇ ਵੰਡਣ ਵਾਲੇ ਅਧਿਕਾਰੀ ਸਰਵਿਸ ਹੈੱਡਾਂ ਨੂੰ ਡੈਬਿਟ ਕਰਕੇ ਐਬਸਟਰੈਕਟ ਕੰਟੀਜੈਂਟ (AC) ਬਿਲ ਤਿਆਰ ਕਰਕੇ ਪੈਸੇ ਕੱਢਣ ਲਈ ਅਧਿਕਾਰਤ ਹਨ। ਉਹਨਾਂ ਨੂੰ 11 ਨਵੰਬਰ ਅਤੇ 19 ਦਸੰਬਰ 2016 ਨੂੰ ਰਾਜ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੇ ਅਨੁਸਾਰ ਸੋਧੇ ਹੋਏ ਪੰਜਾਬ ਖਜ਼ਾਨਾ ਨਿਯਮਾਂ ਦੇ ਨਿਯਮ 274 ਦੇ ਤਹਿਤ 6 ਮਹੀਨਿਆਂ ਦੇ ਅੰਦਰ ਇਹਨਾਂ ਸਾਰੇ ਬਿੱਲਾਂ ਦੇ ਵਿਰੁਧ ਵਿੱਚ ਕੰਟਰੋਲਿੰਗ ਅਫਸਰ ਦੁਆਰਾ ਵਿਵਸਥਿਤ ਤੌਰ ਤੇ ਪ੍ਰਤੀ ਦਸਤਖਤ ਕੀਤੇ ਵਿਸਤ੍ਰਿਤ ਕੰਟੀਨਜੈਂਟ (DC) ਬਿੱਲਾਂ ਨੂੰ ਪੇਸ਼ ਕਰਨ ਦੀ ਲੋੜ ਹੁੰਦੀ ਹੈ। ਲੰਬੇ ਸਮੇਂ ਤੱਕ ਅਨੁਸਾਰੀ (DC) ਬਿੱਲਾਂ ਨੂੰ ਜਮ੍ਹਾ ਨਹੀਂ ਕਰਨਾ AC ਬਿੱਲਾਂ ਦੇ ਅਧੀਨ ਖਰਚੇ ਨੂੰ ਅਪਾਰਦਰਸ਼ੀ ਬਣਾਉਂਦਾ ਹੈ।

31 ਮਾਰਚ 2025 ਤੱਕ ਦੇ ਬਕਾਇਆ ਬਿਉਰੇਵਾਰ ਸੰਭਾਵੀ ਬਿੱਲ ਹੇਠ ਲਿਖੇ ਹਨ:

| ਸਾਲ | ਬਕਾਇਆ ਬਿਉਰੇਬਰ ਸੰਭਾਵੀ ਬਿੱਲ | |
|---|---|---|
| | ਗਿਣਤੀ | ਰਕਮ *(₹ ਕਰੋੜ ਵਿੱਚ)* |
| 2023-24 ਤੱਕ | 1,162 | 1,219 |
| 2024-25 (ਸਤੰਬਰ 2024 ਤੱਕ ਕਢਵਾਏ ਗਏ) | 988 | 1,180 |
| **ਕੁੱਲ** | **2,150** | **2,399** |

## 6.3 ਰਾਜ ਸਰਕਾਰ ਦੁਆਰਾ ਸਵੀਕ੍ਰਿਤ ਅਨੁਦਾਨ ਸਹਾਇਤਾ ਦੇ ਬਕਾਇਆ ਵਰਤੋਂ ਸਰਟੀਫੀਕੇਟ :

ਪੰਜਾਬ ਵਿੱਤੀ ਨਿਯਮ ਵਾਲੂਯਮ ਦੇ ਨਿਯਮ 8.14 (ਲ) ਮੁਤਾਬਿਕ ਵਰਤੋਂ ਸਰਟੀਫਿਕੇਟ ਅਨੁਦਾਨ ਸਹਾਇਤਾ ਦੀ ਸਵੀਕ੍ਰਿਤੀ ਤੋਂ 18 ਮਹੀਨੇ ਦੇ ਅੰਦਰ ਸਹਾਲੇਖਾਕਾਰ ਪੰਜਾਬ ਨੂੰ ਪੇਸ਼ ਕਰਨੇ ਚਾਹੀਦੇ ਹਨ। ਬਕਾਇਆ ਵਰਤੋਂ ਸਰਟੀਫਿਕੇਟਾਂ ਦੀ ਸਖਿਤੀ ਹੇਠ ਲਿਖੇ ਅਨੁਸਾਰ ਹਨ :

| ਸਾਲ | ਪ੍ਰਾਪਤ ਹੋਣ ਵਾਲ ਵਰਤੋ ਸਰਦੀਫੀਕੇਟਾਂ ਦੀ ਗਿਣਤੀ | ਰਕਮ (₹ ਕਰੋੜਾਂ ਵਿਚ) |
|---|---|---|
| 2022-23 ਤੱਕ | 391 | 749 |
| 2024-25 (ਮਹੀਨਾ ਸਤੰਬਰ 2023 ਤੱਕ ਡਰਾਅ ਕੀਤੇ) | 668 | 4,042 |
| ਕੁੱਲ | **1,059** | **4,791** |

(ਉਪਰ ਜਿਕਰ ਕੀਤਾ ਸਾਲ ਡਿਓ ਸਾਲ ਨਾਲ ਸਬੰਧਤ ਹੈ ਯਾਨੀ ਅਸਲ ਡਰਾਅਲ ਤੋਂ ਅਠਾਰਾ ਮਹੀਨਿਆ ਬਾਅਦ)

ਵਰਤੋਂ ਸਰਟੀਫੀਕੇਟਾਂ ਦਾ ਦੇਰ ਨਾਲ ਪੇਸ ਹੋਣਾ ਜਾ ਨਾਂ ਭੇਜਣ ਨਾਲ ਫੰਡਾ ਦੀ ਵਰਤੋ ਸਹੀ ਕੰਮਾ ਉੱਤੇ ਹੋਣ ਵਿੱਚ ਅੰਦੇਸ਼ਾ ਰਹਿੰਦਾ ਹੈ।

## 6.4 ਸਮੇਕਿਤ ਕਰਜ਼ ਭੁਗਤਾਨ ਫੰਡ :

ਪੰਜਾਬ ਸਰਕਾਰ ਨੇ 2006 ਵਿੱਚ ਕਰਜ਼ਿਆਂ ਦੀ ਅਮੋਰਟਾਈਜ਼ੇਸ਼ਨ ਲਈ ਕੰਸੋਲਿਡੇਟਿਡ ਸਿੰਕਿੰਗ ਫੰਡ ਸਥਾਪਤ ਕੀਤਾ ਸੀ। ਰਾਜ ਸਰਕਾਰ ਦੁਆਰਾ ਜਾਰੀ ਫੰਡ ਨੋਟੀਫਿਕੇਸ਼ਨ ਵਿੱਚ ਨਵੀਨਤਮ ਸੋਧ ਦੇ ਅਨੁਸਾਰ, ਜੋ ਕਿ 2023-24 ਤੋਂ ਪ੍ਰਭਾਵੀ ਹੈ, ਰਾਜ ਨੂੰ ਪੰਜ ਸਾਲਾਂ ਦੇ ਸਮੇਂ ਦੌਰਾਨ ਫੰਡ ਕਾਰਪਸ ਨੂੰ ਬਕਾਇਆ ਦੇਣਦਾਰੀਆਂ (ਅੰਦਰੂਨੀ ਕਰਜ਼ਾ + ਜਨਤਕ ਖਾਤਾ) ਦੇ ਪੰਜ ਪ੍ਰਤੀਸ਼ਤ ਤੱਕ ਬਣਾਉਣ ਲਈ ਸੁਚੇਤ ਯਤਨ ਕਰਨੇ ਚਾਹੀਦੇ ਹਨ।

ਸਾਲ 2024-25 ਵਿੱਚ, ਸਰਕਾਰ ਨੇ ਫੰਡ ਵਿੱਚ ਕੋਈ ਯੋਗਦਾਨ ਨਹੀਂ ਪਾਇਆ। 31 ਮਾਰਚ 2025 ਨੂੰ ਇਕੱਤਰਤਾ ਦੇ ਮੁੜ-ਨਿਵੇਸ਼ ਤੋਂ ਬਾਅਦ ਫੰਡ ਵਿੱਚ ਕੁੱਲ ਇਕੱਠਾ ₹ 9,255 ਕਰੋੜ ਰੁਪਏ (31 ਮਾਰਚ 2024 ਨੂੰ ₹ 8,617 ਕਰੋੜ ਰੁਪਏ) ਸੀ।

## 6.5 ਗਰੰਟੀ ਰਿਡੰਮਪਸ਼ਨ ਫੰਡ :

ਰਾਜ ਸਰਕਾਰ ਨੇ ਦਸੰਬਰ 2007 ਵਿੱਚ ਆਰਬੀਆਈ ਦੁਆਰਾ ਪ੍ਰਬੰਧਿਤ ਕਰਨ ਲਈ ਗਰੰਟੀ ਰਿਡੈਂਪਸ਼ਨ ਫੰਡ ਦਾ ਗਠਨ ਕੀਤਾ। ਫੰਡ ਵਿੱਚ ਨਵੀਨਤਮ ਸੋਧ, ਰਾਜ ਸਰਕਾਰ ਦੁਆਰਾ 11 ਜੂਨ 2024 ਨੂੰ ਜਾਰੀ ਕੀਤੀ ਗਈ ਨੋਟੀਫਿਕੇਸ਼ਨ, ਜੋ ਨੋਟੀਫਿਕੇਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੈ, ਇਹ ਨਿਰਧਾਰਤ ਕਰਦੀ ਹੈ ਕਿ ਰਾਜ ਨੂੰ ਫੰਡ ਦੇ ਗਠਨ ਦੀ ਮਿਤੀ ਤੋਂ ਪੰਜ ਸਾਲਾਂ ਦੇ ਅੰਦਰ ਬਕਾਇਆ ਗਰੰਟੀਆਂ ਦੇ ਪੰਜ ਪ੍ਰਤੀਸ਼ਤ ਤੱਕ ਫੰਡ ਕਾਰਪਸ ਬਣਾਉਣ ਲਈ ਸੁਚੇਤ ਯਤਨ ਕਰਨੇ ਚਾਹੀਦੇ ਹਨ।

ਇਸ ਸਾਲ ਦੌਰਾਨ ਸਰਕਾਰ ਨੇ 31 ਮਾਰਚ 2025 ਤੱਕ ਗਰੰਟੀ ਰਿਡੈਂਪਸ਼ਨ ਫੰਡ ਵਿੱਚ ਕੋਈ ਯੋਗਦਾਨ ਨਹੀਂ ਪਾਇਆ ਹੈ।

31 ਮਾਰਚ 2025 ਤੱਕ ਫੰਡ ਵਿੱਚ ਕੋਈ ਰਕਮ ਇਕੱਠਾ ਨਹੀਂ ਹੋਇ ਸੀ। ਇਸ ਤੋਂ ਇਲਾਵਾ, ਸਕੀਮ ਦੇ ਉਪਬੰਧ ਅਨੁਸਾਰ, ਇਕੱਠੀ ਕੀਤੀ ਗਈ ਗਰੰਟੀ ਫੀਸ ਨੂੰ ਫੰਡ ਵਿੱਚ ਤਬਦੀਲ ਕਰਨ ਦੀ ਲੋੜ ਹੈ। ਸਾਲ 2024-25 ਦੌਰਾਨ ਇਕੱਠੀ ਕੀਤੀ ਗਈ ₹49 ਕਰੋੜ ਰੁਪਏ ਦੀ ਗਰੰਟੀ ਫੀਸ ਨੂੰ ਫੰਡ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ। ਫੰਡ ਵਿੱਚ ₹49 ਕਰੋੜ ਰੁਪਏ ਦੀ ਗਰੰਟੀ ਫੀਸ ਟ੍ਰਾਂਸਫਰ ਨਾ ਕਰਨ ਦੇ ਨਤੀਜੇ ਵਜੋਂ ਮਾਲੀਆ ਖਰਚ ਘੱਟ ਦੱਸਿਆ ਗਿਆ ਹੈ।

## 6.6 ਵਿਭਾਗੀ ਅਫਸਰਾਂ ਕੋਲ ਨਕਦ :

ਕੋਡਲ ਪ੍ਰਬੰਧਾਂ ਦੇ ਅਨੁਸਾਰ, ਲੋਕ ਨਿਰਮਾਣ ਡਿਵੀਜ਼ਨਾਂ ਦੁਆਰਾ ਗੈਰ-ਸਰਕਾਰੀ ਏਜੰਸੀਆਂ ਤੋਂ ਡਿਪਾਜ਼ਿਟ ਵਰਕਸ ਲਈ ਪ੍ਰਾਪਤ ਕੀਤੇ ਫੰਡਾਂ ਨੂੰ ਮੇਜਰ ਹੈਡ 8443-ਸਿਵਲ ਡਿਪਾਜ਼ਿਟ ਮਾਈਨਰ ਹੈਡ 108-ਲੋਕ ਵਰਕਸ ਡਿਪਾਜ਼ਿਟ ਹੇਠਾਂ ਕ੍ਰੈਡਿਟ ਕੀਤਾ ਜਾਣਾ ਜ਼ਰੂਰੀ ਹੈ। ਸਬੰਧਤ ਡਿਪਾਜ਼ਿਟ ਕੰਮਾਂ ਲਈ ਖਰਚੇ ਵੀ ਖਾਤੇ ਦੇ ਉਸੇ ਸਿਰਲੇਖ ਤੋਂ ਪੂਰੇ ਕੀਤੇ ਜਾਂਦੇ ਹਨ। ਮਾਸਿਕ ਡਿਵੀਜ਼ਨਲ ਖਾਤਿਆਂ ਵਿੱਚ ਅਜਿਹੀਆਂ ਜਮ੍ਹਾਂ ਰਕਮਾਂ ਨੂੰ ਮੇਜਰ ਹੈਡ 8671-ਵਿਭਾਗੀ ਬਕਾਏ, 101- ਸਿਵਲ, PWD ਡਿਵੀਜ਼ਨਾਂ ਦੁਆਰਾ ਦਰਸਾਇਆ ਜਾਂਦਾ ਹੈ, ਇਸ ਲਈ ਇਹ ਸਰਕਾਰੀ ਖਾਤਿਆਂ ਦਾ ਹਿੱਸਾ ਤਾਂ ਬਣ ਜਾਂਦਾ ਹੈ ਹਾਲਾਂਕਿ, ਡਿਪਾਜ਼ਿਟ ਵਰਕਸ ਲਈ ਪ੍ਰਾਪਤ ਫੰਡਾਂ ਨੂੰ ਖਜ਼ਾਨੇ ਦੀ ਬਜਾਏ ਪੀਡਬਲਯੂ ਡਿਵੀਜ਼ਨਾਂ ਦੁਆਰਾ ਸੰਚਾਲਿਤ ਡਿਵੀਜ਼ਨਲ ਅਫਸਰਾਂ ਦੇ ਬੈਂਕ ਖਾਤਿਆਂ ਵਿੱਚ ਰੱਖਿਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਭਾਰਤੀ ਰਿਜ਼ਰਵ ਬੈਂਕ ਕੋਲ ਰਾਜ ਦੇ ਨਕਦ ਬਕਾਏ ਦਾ ਹਿੱਸਾ ਨਹੀਂ ਬਣਦਾ ਹੈ।

ਰਾਜ ਸਰਕਾਰ ਨੇ ਮਾਰਚ 2015 ਵਿੱਚ, ਪਬਲਿਕ ਵਰਕਸ ਡਿਵੀਜ਼ਨਾਂ ਨੂੰ 8443- ਸਿਵਲ ਡਿਪਾਜ਼ਿਟ 108-ਪੀਡਬਯੂ ਡਿਪਾਜ਼ਿਟ ਦੇ ਤਤਹਿਤ ਖਜ਼ਾਨਾ ਵਿੱਚ ਖੋਲ੍ਹੇ ਜਾਣ ਵਾਲੇ ਖਾਤਿਆਂ ਵਿੱਚ ਫੰਡ ਜਮ੍ਹਾ ਕਰਨ ਦਾ ਨਿਰਦੇਸ਼ ਦਿੱਤਾ। ਹਾਲਾਂਕਿ, ਉਪਰੋਕਤ ਮਿਤੀ ਦੇ ਹੁਕਮਾਂ ਦੇ ਬਾਵਜੂਦ, ਡਿਵੀਜ਼ਨਲ ਅਧਿਕਾਰੀ ਅਜੇ ਵੀ ਆਪਣੇ ਬੈਂਕ ਖਾਤਿਆਂ ਵਿੱਚ ਫੰਡ ਜਮ੍ਹਾ ਕਰਵਾ ਰਹੇ ਹਨ। 31 ਮਾਰਚ 2025ਤੱਕ, ਪਬਲਿਕ ਵਰਕਸ ਡਿਵੀਜ਼ਨਲ ਅਫਸਰਾਂ ਦੇ ਬੈਂਕ ਖਾਤਿਆਂ ਵਿੱਚ ₹ 1,207 ਕਰੋੜ ਦੀ ਰਕਮ ਪਈ ਸੀ। ਜੇਕਰ ਫੰਡ ਖਜ਼ਾਨੇ ਵਿੱਚ ਜਮ੍ਹਾ ਕੀਤੇ ਜਾਂਦੇ ਸਨ, ਤਾਂ ਰਾਜ ਸਰਕਾਰ ਦੇ ਰੋਜ਼ਾਨਾ ਨਕਦ ਬਕਾਏ ਤੇ ਵੀ ਇਸ ਦਾ ਅਸਰ ਪਵੇਗਾ।

## 6.7 ਰਾਜ ਸਰਕਾਰ ਦੁਆਰਾ ਦਿੱਤੇ ਗਏ ਕਰਜ਼ੇ ਅਤੇ ਅਡਵਾਂਸ :

ਸਾਲ 2024-25ਦੇ ਅਖੀਰ ਤੱਕ ਰਾਜ ਸਰਕਾਰ ਵੱਲੋਂ ਕੁਲ ਕਰਜ਼ੇ ਅਤੇ ਅਡਵਾਂਸ ₹ 39,311 ਕਰੋੜ ਸੀ। ਸਾਲ 2024-25ਵਿੱਚ ਰਾਜ ਸਰਕਾਰ ਨੇ ਕੁੱਲ ₹ 294 ਕਰੋੜ ਉਧਾਰ ਅਤੇ ਪੇਸ਼ਗੀਆਂ ਵੱਜੋਂ ਦੀਤੇ। ਰਾਜ ਸਰਕਾਰ ਨੇ ₹ 28 ਕਰੋੜ (ਸਰਕਾਰੀ ਕਰਮਚਾਰਿਆਂ ਦੁਆਰਾ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਵੱਜੋਂ ₹ 27 ਕਰੋੜ ਅਤੇ ਹੋਰ ਬਕਾਇਆ ਕਰਜ਼ਿਆਂ ਅਤੇ ਅਡਵਾਂਸ ਦੀ ਅਦਾਇਗੀ ਦੇ ਰੂਪ ਵਿੱਚ ₹ 1 ਕਰੋੜ ਪ੍ਰਾਪਤ ਕੀਤੇ) ਜੋ ਕਿ 1 ਅਪ੍ਰੈਲ 2025 ਨੂੰ ਕੁੱਲ ਬਕਾਇਆ ਕਰਜ਼ਿਆਂ ਅਤੇ ਅਡਵਾਂਸ (₹ 39,045ਕਰੋੜ) ਦਾ 0.1 ਫ਼ੀਸਦੀ ਹੈ। ਬਕਾਇਆ ਕਰਜ਼ੇ ਅਤੇ ਅਡਵਾਂਸ ਨੂੰ ਵਾਪਸ ਲੈਣ ਵਾਸਤੇ ਉਠਾਏ ਗਏ ਠੋਸ ਕਦਮ ਸਰਕਾਰ ਦੀ ਵਿੱਤੀ ਸਥਿਤੀ ਸੁਧਾਰਣ ਵਿੱਚ ਮਦਦਗਾਰ ਹੋਣਗੇ।

## 6.8 ਲੇਖਾ ਰੱਖਣ ਵਾਲੀਆਂ ਇਕਾਈਆਂ ਦੁਆਰਾ ਲੇਖਾ ਭੇਜਣਾ :

ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਖਰਚਿਆਂ ਦੇ ਖਾਤੇ 22 ਜ਼ਿਲ੍ਹਾ ਖਜ਼ਾਨਿਆਂ (ਸਾਲ ਦੌਰਾਨ ਬਣਾਇਆ ਗਿਆ ਇੱਕ SNA ਖਜ਼ਾਨਾ), 139 ਲੋਕ ਨਿਰਮਾਣ ਵਿਭਾਗ ਡਿਵੀਜ਼ਨ (70 ਇਮਾਰਤਾਂ ਅਤੇ ਸੜਕਾਂ, 16 ਪੰਚਾਇਤੀ ਰਾਜ, 53 ਜਲ ਸਪਲਾਈ ਅਤੇ ਸੈਨੀਟੇਸ਼ਨ), 54 ਜਲ ਸਰੋਤ ਵਿਭਾਗ ਡਿਵੀਜ਼ਨ, 35 ਜੰਗਲਾਤ ਵਿਭਾਗ ਡਿਵੀਜ਼ਨ (ਸਾਲ ਦੌਰਾਨ ਬੰਦ ਕੀਤੇ ਗਏ 3 ਜੰਗਲਾਤ ਵਿਭਾਗ ਡਿਵੀਜ਼ਨ ), ਇੱਕ ਤਨਖਾਹ ਅਤੇ ਲੇਖਾ ਦਫ਼ਤਰ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਸਲਾਹ-ਮਸ਼ਵਰਿਆਂ ਦੁਆਰਾ ਪੇਸ਼ ਕੀਤੇ ਗਏ ਸ਼ੁਰੂਆਤੀ ਖਾਤਿਆਂ ਦੇ ਆਧਾਰ 'ਤੇ ਤਿਆਰ ਕੀਤੇ ਗਏ ਹਨ। ਵਿੱਤੀ ਸਾਲ ਦੇ ਅੰਤ ਵਿੱਚ ਕੋਈ ਵੀ ਖਾਤਾ ਨਹੀਂ ਕੱਢਿਆ ਗਿਆ ਹੈ।

## 6.9 ਲੇਖਿਆਂ ਦਾ ਮਿਲਾਨ :

ਵਿਭਾਗਾਂ ਦੇ ਮੁਖੀ ਅਤੇ ਮਹਾਲੇਖਾਕਾਰ (ਲੇ.ਵ.ਹ.) ਅੰਕੜਿਆਂ ਦਾ ਮਿਲਾਨ ਅਤੇ ਗਲਤ ਵਰਗੀਕਰਨ ਨੂੰ ਠੀਕ ਕਰਨ ਲਈ ਸਾਝੇ ਤੌਰ ਤੇ ਜ਼ਿੰਮੇਵਾਰ ਹਨ। ਸਾਲ 2024-25 ਦੌਰਾਨ ਕੁਲ ਰਕਮ (ਮਾਲੀਆ ਪ੍ਰਾਪਤੀਆਂ ਮਾਲੀਆ ਖਰਚੇ ਅਤੇ ਪੂੰਜੀਗਤ ਖਰਚੇ) ਦਾ 98 ਪ੍ਰਤੀਸ਼ਤ ਮਿਲਾਨ ਹੋਇਆ।

## 6.10 ਨੈਸ਼ਨਲ ਪੈਨਸ਼ਨ ਸਿਸਟਮ (NPS) :

01.01.2004 ਨੂੰ ਜਾਂ ਇਸ ਤੋਂ ਬਾਅਦ ਭਰਤੀ ਕੀਤੇ ਗਏ ਰਾਜ ਸਰਕਾਰ ਦੇ ਕਰਮਚਾਰੀ ਰਾਸ਼ਟਰੀ ਪੈਨਸ਼ਨ ਪ੍ਰਣਾਲੀ (NPS) ਦੇ ਅਧੀਨ ਆਉਂਦੇ ਹਨ, ਜੋ ਕਿ ਇੱਕ ਪਰਿਭਾਸ਼ਿਤ ਯੋਗਦਾਨ ਪੈਨਸ਼ਨ ਯੋਜਨਾ ਹੈ। ਯੋਜਨਾ ਦੇ ਅਨੁਸਾਰ,ਕਰਮਚਾਰੀ ਨੂੰ ਆਪਣੀ ਮਾਸਿਕ ਤਨਖਾਹ ਦਾ 10 ਪ੍ਰਤੀਸ਼ਤ ਯੋਗਦਾਨ ਪਾਉਣਾ ਪੈਂਦਾ ਹੈ ਅਤੇ ਰਾਜ ਸਰਕਾਰ ਨੂੰ14 ਪ੍ਰਤੀਸ਼ਤ ਦੀ ਦਰ ਨਾਲ ਯੋਗਦਾਨ ਪਾਉਣਾ ਪੈਂਦਾ ਹੈ। ਪੂਰੀ ਰਕਮ ਨੈਸ਼ਨਲ ਸਿਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ (NSDL)/ਟਰੱਸਟੀ ਬੈਂਕ ਰਾਹੀਂ ਨਿਯੁਕਤ ਫੰਡ ਮੈਨੇਜਰ ਨੂੰ ਟ੍ਰਾਂਸਫਰ ਕੀਤੀ ਜਾਣੀ ਚਾਹੀਦੀ ਹੈ।

ਸਾਲ 2024-25 ਦੌਰਾਨ, NPS ਵਿੱਚ ਕੁੱਲ ਯੋਗਦਾਨ ₹3,403 ਕਰੋੜ (ਕਰਮਚਾਰੀਆਂ ਦਾ ਯੋਗਦਾਨ ₹1,414 ਕਰੋੜ ਅਤੇ ਸਰਕਾਰ ਦਾ ਯੋਗਦਾਨ ₹1,989 ਕਰੋੜ) ਸੀ। ਸਰਕਾਰੀ ਯੋਗਦਾਨ ਬਾਰੇ ਵਿਸਤ੍ਰਿਤ ਜਾਣਕਾਰੀ ਮੁੱਖ ਸਿਰਲੇਖ 2071 ਅਧੀਨ ਵਿੱਤ ਖਾਤਿਆਂ ਦੇ ਸਟੇਟਮੈਂਟ ਨੰਬਰ 15 ਵਿੱਚ ਉਪਲਬਧ ਹੈ। ਸਰਕਾਰ ਨੇ ਮੁੱਖ ਸਿਰਲੇਖ 8342-117 ਅਧੀਨ ਜਨਤਕ ਖਾਤੇ ਵਿੱਚ ₹3,418 ਕਰੋੜ (ਕਰਮਚਾਰੀਆਂ ਦਾ ਯੋਗਦਾਨ ₹1,414 ਕਰੋੜ ਅਤੇ ਸਰਕਾਰ ਦਾ ਯੋਗਦਾਨ 2,004 ਕਰੋੜ) ਤਬਦੀਲ ਕਰ ਦਿੱਤੇ। ਜਨਤਕ ਖਾਤੇ ਵਿੱਚ ਟ੍ਰਾਂਸਫਰ/ਜਮ੍ਹਾ ਕੀਤੀ ਗਈ ਕੁੱਲ ਰਕਮ ਵਿੱਚੋਂ, 31 ਮਾਰਚ 2025 ਤੱਕ ਜਨਤਕ ਖਾਤੇ ਵਿੱਚ ₹ 94 ਕਰੋੜ ਰੁਪਏ ਰਹੇ ਅਤੇ NSDL ਵਿੱਚ ਟ੍ਰਾਂਸਫਰ ਨਹੀਂ ਕੀਤੇ ਗਏ। ਇਸ ਰਕਮ ਦੁਆਰਾ ਸਰਕਾਰ ਦਾ ਨਕਦ ਬਕਾਇਆ ਵਧਾ ਦਿੱਤਾ ਗਿਆ ਸੀ।

## 6.11 ਰਾਜ ਮੁਆਵਜ਼ਾ ਵਣਨ ਫੰਡ :

ਸੰਸਦ ਨੇ 3 ਅਗਸਤ, 2016 ਨੂੰ 'ਮੁਆਵਜ਼ਾ ਜੰਗਲਾਤ ਫੰਡ ਐਕਟ, 2016' ਲਾਗੂ ਕੀਤਾ ਹੈ। ਐਕਟ ਦੇ ਉਦੇਸ਼ ਲਈ, ਪੰਜਾਬ ਸਰਕਾਰ ਦੁਆਰਾ ਪਬਲਿਕ ਅਕਾਊਂਟ ਆਫ਼ ਪੰਜਾਬ ਅਧੀਨ "ਪੰਜਾਬ ਰਾਜ ਮੁਆਵਜ਼ਾ ਜੰਗਲਾਤ ਫੰਡ" ਨਾਮਕ ਇੱਕ ਵਿਸ਼ੇਸ਼ ਫੰਡ ਸਥਾਪਤ ਕੀਤਾ ਗਿਆ ਹੈ, ਜਿਸਦਾ ਪ੍ਰਬੰਧਨ ਪੰਜਾਬ ਰਾਜ ਮੁਆਵਜ਼ਾ ਜੰਗਲਾਤ ਫੰਡ ਪ੍ਰਬੰਧਨ ਅਤੇ ਯੋਜਨਾ ਅਥਾਰਟੀ ਦੁਆਰਾ ਕੀਤਾ ਜਾਣਾ ਹੈ।

ਮੁਆਵਜ਼ਾ ਜੰਗਲਾਤ ਲਈ ਮੁੱਖ ਹੈੱਡ 2406 ਅਧੀਨ ਖਰਚਾ ਰਾਜ ਬਜਟ ਤੋਂ ਖਜ਼ਾਨੇ ਰਾਹੀਂ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਰਾਜ ਮੁਆਵਜ਼ਾ ਜੰਗਲਾਤ ਫੰਡ ਤੋਂ ਭਰਪਾਈ ਕੀਤੀ ਜਾਂਦੀ ਹੈ। ਸਾਲ 2024-25 ਦੌਰਾਨ, ਕੇਂਦਰ ਸਰਕਾਰ ਤੋਂ ` 178 ਕਰੋੜ (ਰਾਜ ਸਰਕਾਰ ਦਾ 90 ਪ੍ਰਤੀਸ਼ਤ ਹਿੱਸਾ) ਪ੍ਰਾਪਤ ਹੋਇਆ ਹੈ, ਜੋ ਕਿ ਫੰਡ ਵਿੱਚ ਜਮ੍ਹਾਂ ਕਰ ਦਿੱਤਾ ਗਿਆ ਹੈ।

ਸਾਲ 2024-25 ਦੌਰਾਨ, ਮੁੱਖ ਹੈੱਡ 2406-04-103- ਰਾਜ ਮੁਆਵਜ਼ਾ ਜੰਗਲਾਤ ਅਧੀਨ ਕੀਤੇ ਗਏ 94 ਕਰੋੜ ਰੁਪਏ ਦੇ ਖਰਚੇ ਫੰਡ ਵਿੱਚੋਂ ਪੂਰੇ ਕੀਤੇ ਗਏ ਹਨ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ ਸਾਲ 2024-25 ਦੌਰਾਨ ਫੰਡ ਵਿੱਚ 32 ਕਰੋੜ ਰੁਪਏ ਦਾ ਵਿਆਜ ਜਮ੍ਹਾਂ ਕਰਵਾਇਆ ਹੈ।

ਸਰਕਾਰ ਨੇ ਫੰਡ ਵਿੱਚੋਂ ਕੋਈ ਵੀ ਰਕਮ ਨਿਵੇਸ਼ ਨਹੀਂ ਕੀਤੀ ਹੈ। 31 ਮਾਰਚ 2025 ਤੱਕ ਰਾਜ ਮੁਆਵਜ਼ਾ ਜੰਗਲਾਤ ਫੰਡ ਵਿੱਚ ਕੁੱਲ ਬਕਾਇਆ 985 ਕਰੋੜ ਰੁਪਏ ਸੀ।

© COMPTROLLER AND AUDITOR GENERAL OF INDIA
2025

https://cag.gov.in

https://cag.gov.in/ae/punjab/en